ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ

Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੧੯ ਜਿਲਦ ੩੦ ੨੧-੨੭ ਮਈ ੨੦੨੦, ੮-੧੪ ਜੇਠ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 19 Volume 30, 21-27 May 2020
Yearly Subscription India 250/-, Abroad 2500/- and Life Membership India 2500/-, Abroad 25000/-

**ਸ਼ਹੀਦੀ ਪੁਰਬ ਗੁਰੂ ਅਰਜਨ ਦੇਵ ਜੀ : 26 ਮਈ**

## ਜਾਮੇ ਸ਼ਹਾਦਤ


❖ **ਭਾਈ ਸਾਹਿਬ ਭਾਈ ਵੀਰ ਸਿੰਘ**

ਪਾਤਸ਼ਾਹ ਨੇ ਖਬਰ ਸੁਣਦੇ ਸਾਰ ਗੁਰੂ ਸਾਹਿਬ ਜੀ ਨੂੰ ਬੁਲਵਾ ਭੇਜਿਆ ਅਰ ਬਿਨਾਂ ਕੋਈ ਤ੍ਰੀਕਾ ਸੱਚ ਝੂਠ ਨਿਰਨੈ ਕਰਨ ਦਾ ਵਰਤੇ ਦੇ ਹੁਕਮ ਦੇ ਦਿੱਤਾ ਕਿ 'ਯਾਸਾ' ਦੀ ਸਜ਼ਾ ਦਿਤੀ ਜਾਵੇ। ਇਹ 'ਯਾਸਾ' ਪਦ ਤੁਰਕੀ ਬੋਲੀ ਦਾ ਲਫ਼ਜ਼ ਹੈ, ਇਸਦੇ ਅਰਥ ਹਨ :- ਕਤਲ ਕਰਨਾ, ਘਰ ਬਾਰ ਲੁੱਟ ਲੈਣਾ। ਸਾਰੀ ਗਲ ਪਾਤਸ਼ਾਹ ਮੁਰਤਜ਼ਾ ਖਾਂ ਦੇ ਹਵਾਲੇ ਛੱਡ ਕੇ ਅੱਗੇ ਟੁਰ ਗਿਆ।

ਇਹ 'ਯਾਸਾ' ਵਾਲੀ ਗਲ ਪਾਤਸ਼ਾਹ ਨੇ ਆਪ ਲਿਖੀ ਹੈ ਪਰ ਉਸੇ ਸਮੇਂ ਦਾ ਲੇਖਕ **ਦਬਿਸਤਾਨ ਮਜ਼ਾਹਬ** ਦਾ ਕਰਤਾ ਲਿਖਦਾ ਹੈ ਕਿ ਪਾਤਸ਼ਾਹ ਨੇ ਜੁਰਮਾਨਾ ਕੀਤਾ ਬਹੁਤ ਭਾਰੀ, ਜੋ ਉਹ ਦੇ ਨਾ ਸਕੇ।

ਪਾਤਸ਼ਾਹ ਦਾ ਆਪਣਾ ਲੇਖ ਜੁ **ਤੁਜ਼ਕ ਜਹਾਂਗੀਰੀ** ਵਿਚ ਹੈ, ਦੱਸਦਾ ਹੈ ਕਿ ਪਾਤਸ਼ਾਹ ਦੇ ਦਿਲ ਵਿਚ ਪਹਿਲੋਂ ਤੋਂ ਇਸਲਾਮੀ ਤਅੱਸਬ ਨੇ ਘਰ ਕੀਤਾ ਹੋਇਆ ਸੀ, ਤੇ ਉਹ ਬਹਾਨਾ ਭਾਲਦਾ ਸੀ ਕਿ ਕਿਸੇ ਤਰ੍ਹਾਂ ਉਨ੍ਹਾਂ ਦੇ ਪ੍ਰਚਾਰ ਨੂੰ, ਜਿਸਨੂੰ ਉਹ ਝੂਠੀ ਦੁਕਾਨ ਲਿਖਦਾ ਹੈ; ਦੂਰ ਕਰੇ।

ਉਸ (ਗੁਰੂ ਅਰਜਨ) ਨੂੰ ਇਸਲਾਮ ਵਿਚ ਦਾਖਲ ਕਰ ਲਵੇ। ਉਹ ਲਿਖਦਾ ਹੈ ਕਿ ਹੁਣ ਮੁਸਲਮਾਨ ਬੀ ਉਸ (ਗੁਰੂ ਜੀ) ਦੇ ਮਤ ਵਿਚ ਦਾਖਲ ਹੋ ਰਹੇ ਹਨ। ਇਹ ਸੁਣ ਸੁਣ ਕੇ ਹੀ ਤਅੱਸਬ ਬੱਝਾ ਸੀ। ਸੁਣਾਉਣੇ ਵਾਲੇ ਕੌਣ ਹੋ ਸਕਦੇ ਹਨ? ਲਾਹੌਰ ਦੇ ਕਾਜ਼ੀ, ਮੁੱਲਾਂ, ਉਨ੍ਹਾਂ


ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ

ਦੇ ਸਿਖਾਏ ਪੜ੍ਹਾਏ ਤਅੱਸਬੀ ਵਡੇ ਹਾਕਮ। ਗੁਰੂ ਜੀ ਦੇ ਘਰ ਦੇ ਦ੍ਰੋਹੀ ਚੰਦੂ ਆਦਿਕ।

ਜਾਪਦਾ ਹੈ ਕਿ ਪਾਤਸ਼ਾਹ ਦਾ ਹੁਕਮ ਸੁਣ ਕੇ ਲਾਹੌਰ ਦੇ ਹਾਕਮਾਂ ਨੂੰ ਫਿਕਰ ਹੋਇਆ ਕਿ ਗੁਰੂ ਅਰਜਨ ਜੈਸੀ ਉੱਚ ਤੇ ਸਰਬ ਪ੍ਰਿਯ ਹਸਤੀ ਦੇ ਕਤਲ ਦਾ ਇਲਜ਼ਾਮ ਜਨਤਾ ਵਿਚ ਸਾਡੇ ਸਿਰ ਨਾ ਆਵੇ। ਉਨ੍ਹਾਂ ਤਸੀਹੇ ਦੇਣ ਤੇ ਇਸਲਾਮ ਵੱਲ ਪ੍ਰੇਰਨ ਆਦਿ ਦਾ ਕੰਮ ਚੰਦੂ ਦੇ ਸਪੁਰਦ ਕੀਤਾ ਕਿ ਜੇ ਗੁਰੂ ਜੀ ਇਸਲਾਮ ਵਿਚ ਦਾਖਲ ਹੋ ਜਾਣ ਤਾਂ ਸਾਡਾ ਕੰਮ ਸਵਰੇਗਾ ਤੇ ਪਾਤਸ਼ਾਹ ਵਲੋਂ ਮਾਫੀ ਲੈ ਦਿਆਂਗੇ, ਜੇ ਨਾ ਮੰਨੇ ਤਾਂ ਤਸੀਹੇ ਦੇਣ ਦਾ ਇਲਜ਼ਾਮ ਅਗਰ ਜਨਤਾ ਵਿਚ ਆਵੇ ਤਾਂ ਹਿੰਦੂ-ਚੰਦੂ-ਦੇ ਸਿਰ ਰਹੇਗਾ। ਸੋ ਹੁਣ ਗੁਰੂ ਜੀ ਚੰਦੂ ਦੇ ਹਵਾਲੇ ਕਰ ਦਿਤੇ ਗਏ। ਉਸ ਦੀ ਹਵੇਲੀ ਕਿਲ੍ਹੇ ਦੇ ਦੱਖਣ ਵਲ ਨੇੜੇ ਹੀ ਸੀ। ਪਹਿਲਾ ਕੰਮ ਉਸਨੇ ਇਹ ਕੀਤਾ ਕਿ ਪੰਜ ਸਿੱਖ; ਜੋ ਨਾਲ ਸਨ, ਓਹ ਵੱਖਰੇ ਡੱਕ ਦਿਤੇ ਤੇ ਗੁਰੂ ਜੀ ਨੂੰ ਇਕੱਲਿਆਂ ਕਰ ਲਿਆ। ਪਹਿਲੀ ਉਸਨੇ ਮੰਗ ਤਾਂ ਉਹੋ ਕੀਤੀ ਹੋਣੀ ਹੈ ਜੋ ਪਾਤਸ਼ਾਹ ਨੇ ਆਪਣੇ ਲੇਖ ਵਿਚ ਲਿਖੀ ਹੈ ਕਿ ਮੈਂ ਉਨ੍ਹਾਂ ਨੂੰ ਇਸਲਾਮ ਵਿਚ ਦਾਖਲ ਕਰ ਲੈਣਾ ਚਾਹੁੰਦਾ ਹਾਂ। ਸੋ ਹੁਣ ਵੇਲਾ ਸੀ ਉਹ ਗਲ ਮਨਾਉਣ ਦਾ ਕਿ ਜੇ ਉਹ ਦਾਖਲ ਇਸਲਾਮ ਹੋ

ਅੰਦਰ


- ਸ਼ਹੀਦੀ ਗੁਰੂ ਅਰਜਨ ਦੇਵ ਜੀ 3
- ਕਰੋਨਾ, ਸਿਆਸਤ ਤੇ ਸੁਰੱਖਿਆ 4
- ਸੰਤ ਬਿਮਲਾ ਸਿੰਘ: ਪੀੜਾ-ਹਰਨ ਦਾਤਾ 5
- Martyrdom of Guru Arjan Dev... 7
- ਸੌ ਸਾਲ ਪਹਿਲਾਂ: ਵਜ਼ੀਫੇ 10
- ਸ਼ਬਦ ਵਿਆਖਿਆ 11 • ਖ਼ਬਰ-ਸਾਰ 12

ਜਾਣ ਤਾਂ ਪਾਤਸ਼ਾਹ ਤੋਂ ਬਖਸ਼ਵਾ ਦਿਆਂਗੇ, ਯਾ ਪਾਤਸ਼ਾਹ ਹੀ ਇਹ ਇਸ਼ਾਰਾ ਦੇ ਗਿਆ ਹੋਵੇ। ਕਈ ਇਤਿਹਾਸਕਾਰ ਇਹ ਬੀ ਲਿਖਦੇ ਹਨ ਕਿ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮੁਹੰਮਦ ਜੀ ਦੀ ਤਾਰੀਫ ਪਾਉਣ ਲਈ ਕਿਹਾ ਗਿਆ। ਜੈਸਾ ਕਿ ਪ੍ਰਸਿੱਧ ਲੇਖਕ ਮੈਕਾਲਫ ਜਿਲਦ ਦੋ ਦੇ ਸਫਾ 92 ਤੇ ਲਿਖਦਾ ਹੈ ਕਿ ਕਾਜ਼ੀਆਂ ਤੇ ਬ੍ਰਾਹਮਣਾਂ ਨੇ ਕਿਹਾ ਕਿ ਗ੍ਰੰਥ ਸਾਹਿਬ ਵਿਚ ਮੁਹੰਮਦ ਤੇ ਹਿੰਦੂ ਦੇਵਤਿਆਂ ਦੀ ਮਹਿਮਾ ਪਾ ਦਿਓ ਤੇ ਜੋ ਵਾਕ (ਸਾਡੇ) ਸੰਬੰਧੀ ਇਤ੍ਰਾਜ਼ ਜੋਗ ਹਨ ਕੱਢ ਦਿਓ, ਤਾਂ ਤੁਸੀਂ ਮੌਤ ਤੋਂ ਬਚਾਏ ਜਾ ਸਕਦੇ ਹੋ। ਗੁਰੂ ਜੀ ਨੇ ਉੱਤਰ ਦਿੱਤਾ ਕਿ ਪਵਿਤ੍ਰ ਗ੍ਰੰਥ ਵਿਚ ਤਬਦੀਲੀ ਕਰਨਾ ਯਾਂ ਕੁਛ ਪਾਉਣਾ ਘਟਾਉਣਾ ਹੋ ਨਹੀਂ ਸਕਦਾ, ਸੱਚ ਸੱਚ ਹੈ ਅਰ ਉਹ ਅਬਦਲ ਹੈ।

ਇਸ ਪ੍ਰਕਾਰ ਦੀਆਂ ਧਮਕੀਆਂ ਨੇ ਜਦ ਅਹਿੱਲ ਸਤਿਗੁਰੂ ਤੇ ਅਸਰ ਨਾ ਕੀਤਾ ਤਾਂ ਉਨ੍ਹਾਂ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ। ਲਿਖਦਿਆਂ ਦਿਲ ਧੜਕਦਾ, ਹੱਥ ਕੰਬਦੇ ਤੇ ਕਲਮ ਥਿੜਕਦੀ ਹੈ, ਪਰ ਜਿਨ੍ਹਾਂ ਕਸ਼ਟਾਂ ਨੂੰ ਭਾਣੇ ਮੰਨਣ ਦੇ ਮਾਲਕ ਨੇ ਮਿੱਠਾ ਕਰ ਭੋਗਿਆ ਉਸਦੀ ਕਹਿਣੀ ਕਰਣੀ ਦੀ ਸੂਰਮਗਤੀ ਨੂੰ ਜਗਤ ਉਧਾਰ ਲਈ ਦੱਸਣਾ ਬੀ ਬਣਦਾ ਹੈ।

ਜਾਪਦਾ ਹੈ ਕਿ ਪਹਿਲੋਂ ਬਾਹਰ ਜੇਠ ਹਾੜ ਦੀ ਤਪੀ ਰੇਤ ਵਿਚ ਧੁੱਪੇ ਬਿਠਾਉਣ ਦਾ ਕਸ਼ਟ ਦਿੱਤਾ ਗਿਆ। ਜਦ ਆਪ ਜੀ ਨੇ ਦੁਖ ਸਹਾਰਿਆ ਤੇ 'ਸਤਿ' ਦਾ ਪੱਲੂ ਨਾ ਛਡਿਆ ਤਾਂ ਦੂਜਾ ਕਸ਼ਟ ਇਹ ਦਿੱਤਾ ਗਿਆ ਕਿ ਗਰਮ ਪਾਣੀ ਦੀ ਦੇਗ ਵਿਚ ਬਿਠਾਯਾ ਤੇ ਉਸ ਪਾਣੀ ਨੂੰ ਅਸਹਿ ਹਾਲਤ ਤਕ ਗਰਮ ਕੀਤਾ, ਪਰ ਗੁਰੂ ਜੀ ਨੇ ਇਹ ਕਰੜਾ ਕਸ਼ਟ ਬੀ ਸਹਾਰਿਆ, ਕਿੰਤੂ ਆਪ ਨੇ ਸਤਜ ਤੋਂ ਹਿਲਣਾ ਪਰਵਾਨ ਨਾ ਕੀਤਾ।

ਫੇਰ ਗਰਮ ਦੇਗ ਵਿਚੋਂ ਕਢਵਾ ਕੇ ਬਾਹਰ ਬਿਠਾਇਆ ਤੇ ਕਿਹਾ ਕਿ ਜੇ ਨਹੀਂ ਮੰਨੋਗੇ ਤਾਂ ਹੋਰ ਕਸ਼ਟ ਦਿੱਤਾ ਜਾਏਗਾ। ਸਰੀਰ ਦੀ ਹਾਲਤ ਖਜਾਲ ਹੀ ਕਰ ਸਕਦੇ ਹੋ ਕਿ ਕਿਤਨੀ ਦਰਦਨਾਕ ਹੋ ਗਈ ਹੋਵੇਗੀ।

ਗੁ: ਪ੍ਰ: ਸੂ: ਗ੍ਰੰਥ ਵਿਚ ਲਿਖਿਆ ਹੈ ਕਿ ਚੰਦੂ ਦੀ ਨੌਂਹ ਇਕ ਸਿੱਖ ਲੜਕੀ ਸੀ। ਆਪਣੀ ਹਵੇਲੀ ਵਿਚ ਅਪਣੇ ਸਹੁਰੇ ਦੇ ਹੱਥੋਂ ਮਿਲਦੀ ਸਤਿਗੁਰੂ ਦੀ ਕਸ਼ਟਣੀ ਸੁਣਕੇ ਅਤਿ ਵਯਾਕੁਲ ਹੋਈ। ਅੱਧੀ ਰਾਤ ਕੁਛ ਭੋਜਨ ਤੇ ਸ਼ਰਬਤ ਲੈ ਕੇ ਆਈ, ਪਹਿਰੇਦਾਰਾਂ ਨੂੰ ਕੁਛ ਮਾਯਾ ਦੇ ਕੇ ਗੁਰੂ ਚਰਨਾ ਤੇ ਆ ਡਿੱਗੀ-ਸ਼ਰਬਤ ਪਾਣੀ ਅੱਗੇ ਧਰਿਆ ਤੇ ਪ੍ਰੇਮ ਵਿਚ ਰੋ ਰੋ ਕੇ ਬਿਨੈ ਕੀਤੀ ਕਿ ਮੈਂ ਬੇਵਸ ਆਪਦੇ ਕਸ਼ਟ ਦੇਖ ਰਹੀ ਹਾਂ, ਕੋਈ ਸੇਵਾ ਨਾ ਕਰ ਸਕੀ, ਮਰ ਕਿਉਂ ਨਾ ਗਈ ਦੁਖ ਦੇਖਣੋਂ ਪਹਿਲੇ, ਆਦਿ। ਸਤਿਗੁਰਾਂ ਨੇ ਉਸ ਨੂੰ ਅਸੀਸ ਦਿਤੀ ਪਰ ਉਸਦਾ ਆਂਦਾ ਜਲ ਭੋਜਨ ਅੰਗੀਕਾਰ ਨਾ ਕੀਤਾ।

ਅਗਲੇ ਦਿਨ ਰੇਤ ਮੰਗਵਾ ਕੇ ਗਰਮ ਕੀਤੀ ਗਈ ਤੇ ਹੁਕਮ ਦਿੱਤਾ ਗਿਆ ਕਿ ਉਸ ਉਤੇ ਬਿਠਾਓ। ਆਪ ਜੀ ਉਸੇ ਤਰ੍ਹਾਂ ਮਨ ਦੀ ਅਡੋਲ ਅਵਸਥਾ ਵਿਚ ਗਹਿਰ ਗੰਭੀਰ ਤੁਰ ਕੇ ਗਰਮ ਰੇਤੇ ਤੇ ਆ ਬੈਠੇ। ਇਸ ਤਰ੍ਹਾਂ ਬਿਨ ਤੜਫੜਾਟ ਬੈਠੇ ਜਿਵੇਂ ਨਿਜ ਆਸਨ ਤੇ ਯੋਗੀ। ਫੇਰ ਗਰਮ ਰੇਤ ਦੇ ਕੜਛੇ ਭਰ ਭਰ ਕੇ ਉਪਰ ਪਾਏ ਗਏ, ਕਵੀ ਜੀ ਲਿਖਦੇ ਹਨ :-

**ਬੈਠੇ ਰਹੇ ਅਬੋਲ ਅਡੋਲ। ਸਤਿਗੁਰ ਮਹਿਮਾ ਮਹਾਂ ਅਤੋਲ॥੪੮॥**
**ਅਜਰ ਜਰਨ ਕੀ ਔਧ ਜਨਾਈ। ਇਤੇ ਕਸ਼ਟ ਤੇ ਨਹੀਂ ਦਿਖਾਈ॥**
**ਇੰਦ੍ਰ ਆਦਿ ਜੇਤਿਕ ਸੁਰ ਸਾਰੇ। ਚਕ੍ਰਿਤ ਚਿਤ ਗੁਰ ਚਲਿਤ ਨਿਹਾਰੇ॥੪੯॥** (ਰਾਸ 4, ਅੰਸੂ 35)

ਫੇਰ ਉਥੋਂ ਉਠਾ ਕੇ ਬਾਹਰ ਲਿਆ ਬਿਠਾਏ। ਅੱਜ ਬਦਨ ਤੇ ਕੁਛ ਫਲੂਹੇ ਪੈ ਗਏ ਸਨ ਪਰ ਆਪ ਦੇ ਮੁਖੋਂ 'ਸੀ' 'ਹਾਇ' ਨਹੀਂ ਨਿਕਲੀ।

ਅਗਲੇ ਦਿਨ ਲੋਹ ਤੱਤੀ ਕੀਤੀ ਗਈ, ਇਸ ਪਰ ਬੈਠਣੇ ਦਾ ਹੁਕਮ ਹੋਇਆ, ਆਪ ਜੀ-ਤਪਤ ਲੋਹ ਪਰ ਥਿਰੇ ਅਡੋਲ ਪਰ ਅੱਜ 'ਪਰੇ ਫਲੂਹੇ ਸਗਰੀ ਦੇਹੀ'।

ਇਸ ਪ੍ਰਕਾਰ ਆਪ ਜੀ ਦੀ ਪਵਿਤ੍ਰ ਤੇ ਅਤਿ ਅਮੋਲ ਦੇਹੀ ਨੂੰ ਕਸ਼ਟ ਦਰ ਕਸ਼ਟ ਮਿਲਦੇ ਰਹੇ, ਲਗਪਗ ਪੰਜ ਦਿਨ ਲੰਘ ਗਏ।

**ਪੰਜ ਦਿਵਸ ਬੀਤੇ ਇਸ ਭਾਂਤੀ। ਦਈ ਸਜ਼ਾਇ ਅਗਨਿ ਸਮ ਤਾਤੀ॥**

ਹੁਣ ਗੁਰੂ ਜੀ ਨੇ ਆਪਣੇ ਕਸ਼ਟ ਦਾਤਿਆਂ ਤੋਂ ਰਾਵੀ ਵਿਚ ਇਸ਼ਨਾਨ ਦੀ ਖੁੱਲ੍ਹ ਮੰਗੀ। ਇਹ ਖੁੱਲ੍ਹ ਉਨ੍ਹਾਂ ਨੇ ਦੇ ਦਿੱਤੀ ਕਿ ਨਹਾ ਕੇ ਕੁਛ ਠੰਢੇ ਹੋ ਕੇ ਸ਼ਾਯਦ ਮੰਨ ਜਾਣ ਤੇ ਕੁਛ ਪਏ ਘਾਉ ਹੋਰ ਦਰਦ ਕਰਨਗੇ ਤਾਂ ਆਪੇ ਸਜ਼ਾ ਇਕ ਹੋਰ ਹੋ ਗਈ, ਉਸ ਦਰਦ ਹੇਠਾਂ ਝੁਕ ਜਾਣਗੇ। ਸੋ ਆਪ ਜੀ ਚੰਦੂ ਦੇ ਘਰੋਂ ਰਾਵੀ ਦੇ ਛੋਟੇ ਵਾਹੇ ਤੇ ਆਏ ਜੋ ਤਦੋਂ ਕਿਲ੍ਹੇ ਦੇ ਪਾਸ ਵਾਰ ਵਹਿੰਦਾ ਸੀ ਤੇ ਹੁਣ ਬੀ ਕੁਛ ਦੂਰ ਵਹਿੰਦਾ ਹੈ।

ਆਪ ਦੇ ਨਾਲ ਪੰਜ ਸਿਖਾਂ ਨੂੰ, ਜੋ ਕੈਦ ਸਨ, ਆਉਣ ਦੀ ਆਗਿਆ ਮਿਲ ਗਈ ਸੀ। ਦਸ ਸਿਪਾਹੀ ਪਹਿਰੇਦਾਰ ਨਾਲ ਆਏ ਸਨ। ਇਥੋਂ ਆਪ ਨਦੀ ਕਿਨਾਰੇ ਉਥੇ ਆਏ ਜਿਥੇ ਕੁ ਕਿ ਹੁਣ ਡੇਹਰਾ ਸਾਹਿਬ ਗੁਰਦੁਆਰਾ ਹੈ। ਇਹ ਪੰਧ ਆਪ ਨੇ ਬਹੁਤ ਹੀ ਹਉਲੇ ਟੁਰਕੇ ਫਲੂਹਿਆਂ ਨਾਲ ਭਰੇ ਸਰੀਰ ਨੂੰ ਚੁੱਕੀ ਮਸਾਂ ਮੁਕਾਇਆ। ਪਿਰਾਣਾ ਸੇਵਕ, ਜੋ ਪੰਜਾਂ ਵਿਚੋਂ ਸੀ, ਤੁਰਨ ਵਿਚ ਆਸਰਾ ਦੇਂਦਾ ਗਿਆ। ਪਰ ਕਵੀ ਸੰਤੋਖ ਸਿੰਘ ਜੀ ਦੱਸਦੇ ਹਨ: ਕਸ਼ਟ ਹੁਣ ਅਸਹਿ ਸੀ, ਸਿਵਾ ਆਪ ਜੈਸੇ ਸਾਈਆਂ ਵਿਚ ਜੁੜੇ ਜੋਗੀ ਬਿਨ ਕੋਈ ਨਹੀਂ ਝੱਲ ਸਕਦਾ।

**ਚਿਤ ਕੀ ਬ੍ਰਿੱਤਿ ਏਕ ਰਸ ਤੈਸੇ। ਨਿਜਾਨੰਦ ਮਹਿਂ ਪੂਰਬ ਜੈਸੇ।**
**ਤਨ ਪੀਰਾ ਤੇ ਡਿੱਗੀ ਨ ਸੋਈ। ਮੇਰੁ ਹਿਲਾਇ ਨ ਜਿਮ ਨਰ ਕੋਈ॥੨੧॥**
**ਸਨੇ ਸਨੇ ਰਾਵੀ ਕੇ ਤੀਰ। ਪਹੁੰਚ ਛੁਯੋ ਨੀਰ ਬਡ ਸੀਰ।**
**ਕਰ ਪੰਕਜ ਤੇ ਮੁਖ ਅਰਬਿੰਦ। ਕਰਜੋ ਪਖਾਰਨਿ ਧੀਰ ਮੁਕੰਦ॥੨੨॥**
**ਬ੍ਰਿੰਦ ਚੁਰੇ ਕਰਿ ਮੁਖ ਸਿਤਲਾਯੋ॥ ਮਹਾਂ ਉਸਨਤਾਂ ਜੋ ਤਪਤਾਯੋ॥**
**ਗਹਿ ਪਦ ਪਦਮ ਲਙਾਹ ਪਖਾਰੇ॥ ਪ੍ਰਵਿਸ਼ੇ ਜਲ ਮਹਿਂ ਮੱਜਨ ਧਾਰੇ॥੨੩॥**
**ਵਹਿਰ ਨਿਕਸਿ ਪਟ ਸ਼ੁਸ਼ਕ ਲਿਯੋ ਹੈ। ਦੇਹ ਅਛਾਦਨਿ ਪੁਨਹ ਕਿਯੋ ਹੈ।**
**ਜਪੁਜੀ ਪਾਠ ਕਰਤਿ ਉਰ ਪ੍ਰੇਮਾ। ਜੋ ਸਿੱਖਨਿ ਕੀ ਠਾਨਤਿ ਛੇਮਾ॥੨੪॥**
**ਪੁਨ ਪੰਚਹੁੰ ਸਿਖ ਕੀਨਿ ਸ਼ਨਾਨੇ। ਗੁਰ ਬਾਨੀ ਕੋ ਪਾਠ ਬਖਾਨੇ।**
**ਖਰੇ ਭਏ ਸਤਿਗੁਰੂ ਪਰਵਾਰ। ਜਪੁਜੀ ਪਾਠ ਸੁਨਯੋ ਨਿਰਧਾਰ॥੨੫॥**
**ਭੋਗ ਪਾਇ ਕਰਿ ਸੀਸ ਨਿਵਾਯੋ॥ ਪੁਨ ਸਿੱਖਨਿ ਸਨਿ ਬਾਕ ਅਲਾਯੋ॥**
**'ਅਬ ਹਮ ਚਹਿ ਪਰਲੋਕ ਪਿਆਨਾ। ਚਿਤ ਜ਼ਿਮ ਚਹਤ ਸਕਲ ਹਮ ਠਾਨਾ'॥੨੬॥** (ਰਾਸ 4, ਅੰਸੂ 37)

ਇਥੇ ਕਵੀ ਜੀ ਫੇਰ ਲਿਖਦੇ ਹਨ।

**"ਇਨ ਸਮ ਧੀਰਜ ਧਰਨੀ ਮਾਂਹਿ"।ਜਗ ਮਹਿਂ ਅਪਰ ਬਿਚਰੀਅਹਿ ਕਾਹਿ। ਅਜਰ ਜਰਨਿ ਕੀ ਅਵਧਿ ਦਿਖਾਈ। ਅਠਤਿ ਸ਼ਕਤਿ ਅਤਿ, ਦੁਖ ਅਤਿ ਪਾਈ॥੩੭॥ ਨਹਿਂ ਸੰਕਲਪ ਰਿਦੇ ਮਹਿਂ ਕੀਨਾ। ਦੋਖੀ ਕਹੁ ਕਰਿਬੇ ਸੁਖ ਹੀਨਾ। ਇਨ ਕੀ ਉਪਮਾ ਇਨਹੁੰ ਬਨੈ। ਸਹੀ ਸਜਾਇ ਨ ਆਨੀ ਮਨੈ॥੩੮॥** (ਰਾਸ 4, ਅੰਸੂ 37)

ਫੇਰ ਆਪ ਲੇਟ ਗਏ, ਚਾਦਰਾ ਇਕ ਉਪਰ ਲੈ ਕੇ ਮਾਨੋ ਸੁਖ ਆਸਨ ਹੋ ਗਏ ਤੇ ਆਪਣੀ ਪਵਿਤ੍ਰ ਆਤਮਾ ਲੈ ਕੇ ਅਪਣੀ ਅਸਹਿ ਸਹਣ ਵਾਲੀ ਪਾਵਨ ਦੇਹੀ ਨੂੰ ਛੋੜ ਕੇ ਅਕਾਲ ਪੁਰਖ ਦੀ ਚਰਣ ਸ਼ਰਣ ਪਹੁੰਚ ਗਏ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਆਪ ਉਥੇ ਪਹੁੰਚੇ-

'ਸਰਬ ਲੋਕ ਤੇ ਅਹੈ ਜੁ ਊਚੇ'॥

**- ਅਸ਼ਟ ਗੁਰ ਚਮਤਕਾਰ, ਭਾਗ-੨** 'ਚੋਂ

# ਸ਼ਹੀਦੀ ਗੁਰੂ ਅਰਜਨ ਦੇਵ ਜੀ

ਸਿੱਖ ਧਰਮ ਪਰੰਪਰਾ 'ਚ ਸ਼ਹੀਦੀਆਂ ਦਾ ਪਾਠ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਸ਼ੁਰੂ ਹੁੰਦਾ ਹੈ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ 30 ਮਈ, 1606 ਨੂੰ ਹੋਈ ਸੀ। ਇਸ ਸ਼ਹੀਦੀ ਦੇ ਕਈ ਕਾਰਨ ਇਤਿਹਾਸਕਾਰਾਂ ਬਿਆਨ ਕੀਤੇ ਹਨ ਪਰ ਮੁੱਖ ਕਾਰਨ ਜੋ ਉਸ ਸਮੇਂ ਦਾ ਤੁਅੱਸਬੀ ਬਾਦਸ਼ਾਹ ਜਹਾਂਗੀਰ ਆਪਣੀ ਸ੍ਵੈ-ਜੀਵਨੀ 'ਚ ਬਿਆਨ ਕਰਦਾ ਹੈ, ਸਿੱਖ ਧਰਮ ਦੀ ਉਸ ਵੇਲੇ ਦੀ ਚੜ੍ਹਤ ਨੂੰ ਠੱਲਦਾ ਜਾਪਦਾ ਹੈ। ਬਾਦਸ਼ਾਹ ਲਿਖਦਾ ਹੈ—

"ਬਿਆਸ ਦਰਿਆ ਕੰਢੇ ਗੋਇੰਦਵਾਲ ਨਗਰ ਵਿਚ ਇਕ ਪੀਰ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮ ਦਾ ਹਿੰਦੂ ਸੀ। ਉਸ ਨੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂਆਂ ਅਤੇ ਬੇਸਮਝ ਮੂਰਖ ਮੁਸਲਮਾਨਾਂ ਨੂੰ ਆਪਣੇ ਧਰਮ-ਕਰਮ ਦਾ ਸ਼ਰਧਾਲੂ ਬਣਾ ਕੇ ਆਪਣੀ ਪੀਰੀ ਦਾ ਢੋਂਗ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਆਖਦੇ ਸਨ। ਇਧਰ-ਉਧਰ ਦੇ ਅਣਜਾਣ ਤੇ ਦੰਭ ਦੇ ਪੁਜਾਰੀ ਲੋਕ ਆ ਕੇ ਉਸ ਤੇ ਅਟੁੱਟ ਇਤਕਾਦ ਜ਼ਾਹਿਰ ਕਰਦੇ ਸਨ। ਤਿੰਨ-ਚਾਰ ਪੀੜ੍ਹੀਆਂ ਤੋਂ ਉਸ ਦੀ ਝੂਠ ਦੀ ਇਹ ਦੁਕਾਨ (ਦੁਕਾਨੇ-ਬਾਤਲ) ਚਲ ਰਹੀ ਸੀ। ਚਿਰਾਂ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆ ਰਿਹਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰ ਦਿਆਂ ਜਾਂ ਉਸ ਨੂੰ (ਗੁਰੂ ਅਰਜਨ ਨੂੰ) ਇਸਲਾਮ ਦੇ ਦਾਇਰੇ ਵਿਚ ਲੈ ਆਵਾਂ।"

ਜਹਾਂਗੀਰ ਦੇ ਇਸ ਕਥਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਗੁਰੂ ਅਰਜਨ ਸਾਹਿਬ ਪ੍ਰਤੀ ਕਾਰਵਾਈ ਕਰਨ ਦਾ ਨਿਸ਼ਚਾ ਕਰ ਚੁੱਕਾ ਸੀ। ਉਹ ਸਿੱਖੀ ਨੂੰ ਝੂਠ ਦੀ ਦੁਕਾਨ ਕਹਿੰਦਾ ਹੈ। ਬਗ਼ੈਰ ਕਿਸੇ ਗੱਲ ਨੂੰ ਸਮਝੇ-ਪਰਖੇ ਅਤੇ ਕੱਟੜਪੰਥੀਆਂ ਜਿਨ੍ਹਾਂ 'ਚ ਸ਼ੇਖ਼ ਅਹਿਮਦ ਸਰਹੰਦੀ ਦਾ ਨਾਂ ਉਘੜ ਕੇ ਆਉਂਦਾ ਹੈ, ਦੀਆਂ ਗੱਲਾਂ 'ਚ ਆ ਕੇ ਬਾਦਸ਼ਾਹ ਇਸ ਵੇਲੇ ਇਕ ਮੁਤੱਸਬੀ ਫ਼ੈਸਲਾ ਲੈ ਰਿਹਾ ਹੈ, ਤੇ ਫਿਰ ਕਾਰਵਾਈ ਲਈ ਬਹਾਨਾ ਵੀ ਚਾਹੀਦਾ ਹੈ ਤੇ ਬਹਾਨਾ ਵੀ ਲੱਭ ਲਿਆ— ਗੁਰੂ ਜੀ ਨੇ ਰਾਜਨੀਤਕ ਵਿਰੋਧੀ ਖੁਸਰੋ ਨੂੰ ਅਸ਼ੀਰਵਾਦ ਦਿੱਤਾ ਹੈ ਤੇ ਇਸ ਗੱਲ ਨਾਲ ਹੁਣ ਗੁਰੂ ਜੀ ਨੂੰ ਰਾਜਧ੍ਰੋਹੀਆਂ ਦੀ ਸ਼੍ਰੇਣੀ 'ਚ ਸ਼ਾਮਲ ਕਰ ਸਖ਼ਤ ਸਜ਼ਾ ਦਾ ਪ੍ਰਬੰਧ ਕੀਤਾ ਗਿਆ। ਬਾਦਸ਼ਾਹ ਦੀ ਕੱਟੜਪੰਥੀ ਜੁੰਡਲੀ 'ਚ ਕੁਝ ਗੁਰੂ-ਦੋਖੀਆਂ ਨੇ ਵੀ ਆਪਣਾ ਹਿੱਸਾ ਪਾਇਆ ਜਿਨ੍ਹਾਂ ਵਿਚ ਗੁਰੂ ਅਰਜਨ ਸਾਹਿਬ ਦੇ ਵੱਡੇ ਭਰਾਤਾ ਪ੍ਰਿਥੀਚੰਦ ਅਤੇ ਚੰਦੂਸ਼ਾਹ ਦਾ ਨਾਂ ਵਿਸ਼ੇਸ਼ ਤੌਰ ਤੇ ਆਉਂਦਾ ਹੈ। ਇਹ ਪਿਆਦੇ ਵੈਸੇ ਤੇ ਕੁਝ ਨਹੀਂ ਕਰ ਸਕਦੇ ਪਰ ਜਦ ਸਿਆਸਤ ਰੂਪੀ ਜਹਾਜ਼ ਤੇ ਸਵਾਰ ਹੁੰਦੇ ਹਨ ਤਾਂ ਇਹਨਾਂ ਦੇ ਜਜ਼ਬਾਤਾਂ ਨੂੰ ਬਲ ਮਿਲ ਜਾਂਦਾ ਹੈ। ਫਿਰ ਇਸ ਯੋਜਨਾ 'ਚ ਕੱਟੜਪੰਥੀ ਮੁਸਲਮਾਨ ਹੀ ਨਹੀਂ, ਉੱਚ ਜਾਤੀ ਬ੍ਰਾਹਮਣ ਤਬਕਾ ਵੀ ਸ਼ਾਮਿਲ ਹੈ। ਉਹ ਗੁਰੂ ਜੀ ਦੀ ਚੜ੍ਹਤ ਅਤੇ ਮਨੁੱਖਤਾਵਾਦੀ ਤੇ ਵਰਗਰਹਿਤ ਉਪਦੇਸ਼ਾਂ ਤੋਂ ਦੁਖੀ ਸਨ। ਇਹ ਭਾਵੇਂ ਬਾਦਸ਼ਾਹ ਦੀ ਯੋਜਨਾ 'ਚ ਪ੍ਰਤੱਖ ਰੂਪ 'ਚ ਸ਼ਾਮਿਲ ਨਹੀਂ ਸਨ ਪਰ ਚਾਹੁੰਦੇ ਸਨ ਕਿ ਸਿੱਖੀ ਦੀ ਚੜ੍ਹਤ ਨੂੰ ਸੱਟ ਵਜੇ ਤਾਂ ਜੋ ਉਹਨਾਂ ਦਾ ਪੁਰਖੀ ਧੰਦਾ ਤੇ ਉਹਨਾਂ ਦਾ ਸਮਾਜ 'ਚ ਸਿਰਮੌਰਤਾ ਪਹਿਲੇ ਵਾਂਗ ਬਣੀ ਰਹੇ।

ਸੱਚ ਦੀ ਸ਼ਮ੍ਹਾਂ ਨੂੰ ਬੁਝਾਉਣ ਲਈ ਅਨੇਕਾਂ ਹਨੇਰੀਆਂ ਸਮੇਂ-ਸਮੇਂ ਤੇ ਚਲਦੀਆਂ ਰਹਿੰਦੀਆਂ ਹਨ ਪਰ ਸਿਰਫ਼ ਸੱਚ ਤੇ ਵਕਤੀ ਪੜਦਾ ਪਾਉਣ ਦਾ ਹੀ ਕਾਰਜ ਕਰਦੀਆਂ ਹਨ। ਸੱਚ ਫਿਰ ਉਗਮ ਪੈਂਦਾ ਹੈ ਅਉਰ ਸਗੋਂ ਪਹਿਲਾਂ ਨਾਲੋਂ ਵੀ ਵਧ ਪ੍ਰਕਾਸ਼ਮਾਨ ਹੁੰਦਾ ਹੈ। ਇਤਿਹਾਸ ਕਹਿੰਦਾ ਹੈ ਕਿ ਜਦ ਬਾਦਸ਼ਾਹ ਨੇ ਕਰੜੀ ਸਜ਼ਾ ਸੁਣਾਉਂਦਿਆਂ ਗੁਰੂ ਜੀ ਨੂੰ ਚੰਦੂ ਦੇ ਅਧੀਨ ਕੀਤਾ ਤਾਂ ਉਸ ਪੰਜ ਦਿਨ ਗੁਰੂ ਜੀ ਨੂੰ ਅਸਹਿ ਤੇ ਅਕਹਿ ਕਸ਼ਟ ਦਿੱਤੇ। ਸਤਿਗੁਰੂ ਨੇ ਸਭ ਕਸ਼ਟ ਸਹਾਰੇ ਤੇ ਰੱਬੀ ਭਾਣੇ 'ਚ ਅਡੋਲ ਰਹੇ। ਸੰਤ ਮੀਆਂ ਮੀਰ ਵਰਗੇ ਜਦ ਇਸ ਧੱਕੇ ਨੂੰ ਵੇਖ ਕੇ ਤੈਸ਼ ਵਿਚ ਆਏ ਤਾਂ ਗੁਰੂ ਅਰਜਨ ਸਾਹਿਬ ਨੇ ਉਹਨਾਂ ਨੂੰ ਕਿਹਾ ਕਿ ਉਹ, ਉਹ ਤੁਕ ਪੜ੍ਹਨ ਜਿਸ ਤੇ ਕਦੇ ਉਹਨਾਂ ਪ੍ਰਸ਼ਨ ਕੀਤਾ ਸੀ। ਤੁਕ ਸੀ—
"ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥"
(ਅੰਗ ੭੫੭) ਅੱਜ ਇਸ ਤੁਕ ਨੂੰ ਜਦ ਉਹਨਾਂ ਗੁਰੂ ਅਰਜਨ ਸਾਹਿਬ ਦੇ ਸਰੀਰ ਤੇ ਘਟਦਿਆਂ ਦੇਖਿਆ ਤਾਂ ਟਿਕਾਓ ਵਿਚ ਆ ਗਏ ਤੇ ਉਹਨਾਂ ਨੂੰ ਨਮਸਕਾਰ ਕੀਤੀ। ਗੁਰੂ ਪਾਤਸ਼ਾਹ ਨੇ ਜੋ ਬਾਣੀ 'ਚ ਲਿਖਿਆ ਸੀ ਉਸ ਨੂੰ ਨਾਲ ਹੀ ਆਪਣੇ ਸਰੀਰ ਤੇ ਵੀ ਘਟਾ ਕੇ ਦਿਖਾਇਆ ਹੈ। ਕਹਿਣ ਦਾ ਭਾਵ ਸੀ ਧੁਰ ਕੀ ਬਾਣੀ ਕੋਈ ਕੱਚੀਆਂ ਗੱਲਾਂ ਨਹੀਂ, ਇਹ ਤੇ ਅਨੁਭਵੀ ਸੱਚ ਹੈ ਜੋ ਪਰਮਾਰਥਕ ਹਿਰਦਿਆਂ 'ਚੋਂ ਝਰਨੇ ਵਾਂਗ ਪ੍ਰਕਟ ਹੁੰਦਾ ਹੈ। ਜਹਾਂਗੀਰ ਇਸਨੂੰ ਝੂਠ ਦੀ ਦੁਕਾਨ ਕਹਿੰਦਾ ਹੈ ਕਿਉਂਕਿ ਉਸ ਕੋਲ ਭਾਵੇਂ ਰਾਜਸੀ ਸਮਝ ਹੋਵੇ ਪਰ ਉਸਦਾ ਵਿਅਕਤਿਤਵ ਪਰਮਾਰਥ ਨੀਝ ਤੋਂ ਕੋਰਾ ਹੈ। ਮੁਤੱਸਬੀ ਦਾਇਰਾ ਉਸ ਗੰਦੇ ਨਾਲੇ ਵਾਂਗ ਹੁੰਦਾ ਹੈ ਜੋ ਸਮੁੰਦਰ ਦੀ ਵਿਸ਼ਾਲਤਾ ਤੇ ਉਸਦੀ ਗਹਿਰਾਈ ਤੋਂ ਅਨਜਾਣ ਹੁੰਦਾ ਹੈ। 'ਆਦਿ ਗ੍ਰੰਥ' ਦੇ ਰੂਪ 'ਚ ਜੋ ਗੁਰੂ ਸਾਹਿਬ ਨੇ ਜਗਤ ਨੂੰ ਸੱਚ ਦਾ ਪ੍ਰਕਾਸ਼ ਦਿੱਤਾ ਉਸ ਨੂੰ ਬੁਝਾਉਣ ਦਾ ਇਹ ਪਹਿਲਾ ਜਤਨ ਸੀ ਜਿਸਨੂੰ ਬਾਦਸ਼ਾਹ ਤੇ ਉਸਦੇ ਕਾਰਿੰਦਿਆਂ, ਜਿਨ੍ਹਾਂ ਵਿਚ ਗੁਰੂ ਘਰ ਦੇ ਦੋਖੀ ਵੀ ਸ਼ਾਮਿਲ ਸਨ, ਨੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਰੂਪ 'ਚ ਅੰਜਾਮ ਦਿੱਤਾ। ਕੁਝ ਸਮੇਂ ਲਈ ਭਾਵੇਂ ਝੂਠ ਚੜ੍ਹ ਕੇ ਮੱਚਿਆ ਪਰ ਜਦ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ (ਇਤਿਹਾਸ 'ਚ ਜਿਨ੍ਹਾਂ ਦਾ ਕੱਦ 7 ਫੁੱਟ ਦੇ ਕਰੀਬ ਲਿਖਿਆ ਹੈ) ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਧਾਰਨ ਕਰ ਲੋਕ ਸੈਨਾ ਤਿਆਰ ਕੀਤੀ ਤੇ ਸ਼ਾਹੀ ਫ਼ੌਜਾਂ ਨੂੰ ਜੰਗ ਦੇ ਮੈਦਾਨ 'ਚ ਘੱਟੋ-ਘੱਟ ਚਾਰ ਵਾਰ ਅਜਿਹੀ ਧੂੜ ਚਟਾਈ ਕਿ ਇਕ ਪਾਸੇ ਜਿੱਥੇ ਲੋਕਾਂ ਦਾ ਸਵੈਮਾਨ ਜਾਗਿਆ ਤੇ ਉਹ ਆਮ ਮਨੁੱਖ ਤੋਂ ਯੋਧੇ ਬਣ ਨਿਤਰੇ, ਉਥੇ ਚਹੁੰ ਪਾਸੇ ਪੱਸਰੀ ਝੂਠ ਦੀ ਉਸ ਸੰਘਣੀ ਧੂੜ ਪੂਰੀ ਤਰ੍ਹਾਂ ਉਡਾ ਘੱਤੀ। ਗੁਰੂ-ਘਰ ਅਤੇ ਮਨੁੱਖਤਾ ਦੀ ਵੀ ਇਹ ਆਦਿਕਾਲੀਨ ਰੀਤੀ ਰਹੀ ਹੈ ਕਿ ਪਹਿਲਾਂ-ਪਹਿਲ ਸ਼ਾਂਤੀ ਨਾਲ, ਵਿਚਾਰ ਨਾਲ, ਸ਼ਾਂਤਮਈ ਕੁਰਬਾਨੀ ਨਾਲ ਮਸਲੇ ਨੂੰ ਨਜਿੱਠਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਜਦ ਵਿਰੋਧੀ ਨਾ ਹੀ ਸੂਤ ਆਵੇ ਤਾਂ ਆਖ਼ਰੀ ਉਪਾਅ ਸ਼ਸਤਰ ਹੁੰਦਾ ਹੈ। ਗੁਰੂ ਅਰਜਨ ਸਾਹਿਬ ਦੀ ਸ਼ਾਂਤਮਈ ਕੁਰਬਾਨੀ ਨਾਲ ਜਦ ਮੁਤੱਸਬੀ ਜ਼ਹਿਰ ਮਨੁੱਖਤਾ ਦੇ ਲਬਾਦੇ 'ਚੋਂ ਮਨਫ਼ੀ ਨਾ ਹੋਇਆ ਤਾਂ ਫਿਰ ਖੜਗ ਨਾਲ ਯਾਰੀ ਪਾਈ ਗਈ। ਫਿਰ ਮੈਦਾਨੇ-ਜੰਗ ਨੇ ਸਭ ਹਿਸਾਬ ਬਰਾਬਰ ਕਰ ਦਿੱਤਾ। ਸੱਚ ਦਾ ਸੂਰਜ ਫਿਰ ਲਿਸ਼ਕ ਉਠਿਆ, ਗੁਰੂ-ਘਰ ਨੂੰ ਝੂਠ ਦੀ ਦੁਕਾਨ ਕਹਿਣ ਵਾਲੇ ਮੁਤੱਸਬੀ ਕੂੜ ਦੀ ਮੰਜੀ ਠੋਕ ਦਿੱਤੀ ਗਈ। ਪਰ ਇਸ ਸਾਰੇ ਅਮਲ 'ਚ ਜੋ ਪਾਠ ਮਨੁੱਖਤਾ ਨੇ ਸਿੱਖਿਆ ਉਹ ਸੀ ਸ਼ਾਂਤਮਈ ਕੁਰਬਾਨੀ ਦਾ, ਕੂੜ ਦੀਆਂ ਸ਼ਕਤੀਆਂ ਨਾਲ ਨਜਿੱਠਣ ਦਾ ਪਹਿਲਾ ਪਾਠ ਜੋ ਦੁਰਗਮ ਵੀ ਹੈ ਤੇ ਧੀਰਜ ਨਾਲ ਭਰਿਆ ਵੀ ਤੇ ਇਹ ਵਿਰਲਿਆਂ ਦੇ ਹਿੱਸੇ ਹੀ ਆਇਆ ਹੈ। ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਪੁਰਬ ਤੇ ਉਨ੍ਹਾਂ ਨੂੰ ਸ਼ਤ-ਸ਼ਤ ਨਮਨ।

**❖ ਮਨਿੰਦਰ ਸਿੰਘ ਸੋਨੀ, 9891591206**

# ਕਰੋਨਾ, ਸਿਆਸਤ ਤੇ ਸੁਰੱਖਿਆ

ਕਰੋਨਾ ਇਕ ਸੰਸਾਰਿਕ ਮਹਾਂਮਾਰੀ ਹੈ, ਇਸ ਤੋਂ ਹੁਣ ਕੰਨੀ ਨਹੀਂ ਕਤਰਾਈ ਜਾ ਸਕਦੀ ਪਰ ਇਹ ਕੁਦਰਤੀ ਹੈ ਜਾਂ ਬੰਦੇ ਦੁਆਰਾ ਆਪਣੇ ਪੈਰਾਂ 'ਤੇ ਆਪੇ ਹੀ ਕੁਹਾੜੀ ਮਾਰੀ ਗਈ ਹੈ, ਇਹ ਫ਼ਿਲਹਾਲ ਵਿਸ਼ਵ ਲਈ ਚੁਣੌਤੀ ਪੂਰਨ ਸਵਾਲ ਹੈ। ਖ਼ੈਰ! ਸਾਡੇ ਲਈ ਸਵਾਲ ਭਾਰਤ ਵਿਚ ਸਾਡੀ ਸੁਰੱਖਿਆ ਨੂੰ ਲੈ ਕੇ ਹੈ। ਸਰਕਾਰ ਅਨੁਸਾਰ, ਸਰਕਾਰ ਆਪਣੇ ਵਿੱਤ ਮੁਤਾਬਿਕ ਜਨਤਾ ਨੂੰ ਸੁਰੱਖ਼ਿਅਤ ਮਹਿਸੂਸ ਕਰਵਾਉਣ ਦੇ ਆਹਰ ਵਿਚ ਲੱਗੀ ਹੋਈ ਹੈ। ਪ੍ਰੰਤੂ ਇਥੇ ਸਵਾਲ ਇਹ ਵੀ ਹੈ ਕਿ, ਕੀ ਸਰਕਾਰ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰ ਸਕਦੀ ਹੈ? ਜੇ ਹਾਂ ਤਾਂ ਆਖ਼ਿਰ ਕਦੋਂ ਤੱਕ? ਇਸ ਵਿਚ ਰਾਜ ਸਰਕਾਰਾਂ ਦੀ ਭੂਮਿਕਾ ਕਿੱਥੋਂ ਤੱਕ ਸਾਰਥਿਕ ਰੋਲ ਅਦਾ ਕਰੇਗੀ? ਸਰਕਾਰ ਕਿਹਨਾਂ ਲੋਕਾਂ ਨੂੰ ਸੁਰੱਖਿਆ ਦੇਣਾ ਚਾਹੁੰਦੀ ਹੈ?

ਭਾਰਤ ਦੇ ਹਰ ਰਾਜ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਰੋਜ਼ਾਨਾ ਕਿਰਤ ਕਰਨ ਵਾਲੇ ਕਿਰਤੀ ਵਰਗ ਦੀ ਦੁਰਦਸ਼ਾ ਦੀ ਤਸਵੀਰ ਜੱਗ ਜਾਹਿਰ ਹੈ। ਦੂਜੇ ਨੌਕਰਸ਼ਾਹੀ ਤੇ ਚੁਣੇ ਹੋਏ ਨੁਮਾਇੰਦਿਆਂ ਦੀਆਂ ਏਅਰ ਕੰਡੀਸ਼ਨਰ ਹਾਲਾਂ 'ਚ ਬਣਾਈਆਂ ਨੀਤੀਆਂ ਗਰਾਊਂਡ ਜ਼ੀਰੋ ਤੇ ਪੁੱਜਣ ਤੋਂ ਪਹਿਲਾਂ ਹੀ ਹਰ ਵਾਰ ਦੀ ਤਰ੍ਹਾਂ ਜ਼ੀਰੋ ਹੋ ਗਈਆਂ ਹਨ। ਜਿਹਨਾਂ ਲੋਕਾਂ ਨੂੰ ਰਾਹਤ ਦੀ ਜ਼ਰੂਰਤ ਹੈ ਉਨ੍ਹਾਂ ਨੂੰ ਹਾਲੇ ਤੱਕ ਵੀ ਕੋਈ ਰਾਹਤ ਨਸੀਬ ਨਹੀਂ ਹੋਈ। ਖ਼ੁਦ ਨੂੰ ਸਮਾਜ ਸੇਵੀ ਅਖਵਾਉਣ ਵਾਲੀਆਂ ਜ਼ਿਆਦਾਤਰ ਸੰਸਥਾਵਾਂ ਵੀ ਆਪਣੇ ਹਿੱਸੇ ਦੀ ਸੇਵਾ ਤੋਂ ਸੇਵਾ-ਮੁਕਤ ਹੋ ਕੇ ਰਾਹਤ ਮਹਿਸੂਸ ਕਰ ਰਹੀਆਂ ਹਨ। ਲਗਦਾ ਹੈ ਕਿ ਉਹ ਵੀ ਰਾਹਤ ਵਿਹੂਣੇ ਲੋਕਾਂ ਨੂੰ ਸੱਤਾ ਵਾਂਗ ਸਮਾਜ ਦਾ ਹਿੱਸਾ ਨਹੀਂ ਬਲਕਿ ਸਿਰਫ਼ ਤੇ ਸਿਰਫ਼ ਵੋਟ ਬੈਂਕ ਹੀ ਮੰਨਦੀਆਂ ਹਨ।

ਜਿੱਥੇ ਇਕ ਪਾਸੇ ਤਾਂ ਸਰਕਾਰ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਦਾਅਵਾ ਕਰ ਰਹੀ ਹੈ ਤੇ ਨਾਲ ਹੀ ਦੂਜੇ ਪਾਸੇ ਦੇਸ਼ ਭਰ ਵਿਚ ਜਾਤੀ/ਜਮਾਤੀ ਪਾੜੇ ਦੀ ਵਕਾਲਤ ਕਰਦਿਆਂ ਕਿਰਤੀ ਵਰਗ ਦੀ ਵੱਖਰੀ ਦੁਜੈਲੀ ਹੋਂਦ ਤੇ ਨਿਗੂਣੀ ਹਾਲਤ ਨੂੰ ਪਕੇਰਾ ਕਰਨ ਲਈ ਮੋਹਰ ਲਾ ਰਹੀ ਹੈ। ਜਿਸ ਦੇ ਸਿੱਟੇ ਵਜੋਂ ਕਿਰਤੀ ਵਰਗ ਮੁੱਢਲਾ ਜੀਵਨ ਨਿਰਵਾਹ ਕਰਨ ਲਈ ਹੱਡ ਭੰਨਵੀ ਮਿਹਨਤ ਦੇ ਬਾਵਜੂਦ ਵੀ ਕੰਗਾਲੀ ਭੋਗ ਰਿਹਾ ਹੈ। ਉਤੋਂ ਅਜਿਹੀ ਸਥਿਤੀ ਵਿਚ ਕਰੋਨਾ ਤੇ ਭੁੱਖ ਨਾਮੀ ਦੋ ਦੈਂਤ ਬੇਹਾਲ ਕਰਨ ਵਿਚ ਕੋਈ ਕਮੀ ਨਹੀਂ ਛੱਡ ਰਹੇ। ਜਿਸ ਕਾਰਨ ਉਨ੍ਹਾਂ ਦੀ ਸਥਿਤੀ ਹੇਠਲੀ ਸਤਰ ਵਰਗੀ ਹੋ ਰਹੀ ਹੈ:-

ਮੇਰੀ ਮੰਜ਼ਿਲ ਹੈ ਕਹਾਂ, ਮੇਰਾ ਟਿਕਾਨਾ ਹੈ ਕਹਾਂ
ਸੁਬਹਾ ਤਕ ਤੁਝ ਸੇ ਵਿਛੜ ਕੇ ਮੁਝੇ ਜਾਨਾ ਹੈ ਕਹਾਂ....


ਸੱਤਾ ਦਾ ਕੋਈ ਦੀਨ-ਈਮਾਨ ਜਾਂ ਧਰਮ ਨਹੀਂ ਹੁੰਦਾ। ਇਹ ਸਿਰਫ਼ ਚਿਹਰਿਆਂ ਦੀ ਅਦਲਾ-ਬਦਲੀ 'ਤੇ ਹੀ ਆਸ਼ਰਿਤ ਹੁੰਦੀ ਹੈ। ਇਸ ਦਾ ਮੁੱਖ ਮਨੋਰਥ ਆਮ ਜਨਤਾ ਨੂੰ ਦਬਾਉਣਾ ਤੇ ਇਕ ਖ਼ਾਸ ਵਰਗ/ਤਬਕੇ ਨੂੰ ਵਿਸ਼ੇਸ਼ ਛੋਟਾਂ ਦੇ ਕੇ ਨਿੱਜੀ ਮੁਫ਼ਾਦ ਲਈ ਉਤਸ਼ਾਹਿਤ ਕਰਨਾ ਹੁੰਦਾ ਹੈ। ਅਖੌਤੀ ਧਾਰਮਿਕ ਆੜ ਹੇਠ ਲੋਕਾਈ ਨੂੰ ਫਿਰਕੂ ਰੰਗ 'ਚ ਰੰਗਣ ਲਈ ਅਖੌਤੀ 'ਭਗਤ-ਜਨਾ' ਦੀ ਤਰਕ-ਹੀਣ ਸੈਨਾ ਤਿਆਰ ਕਰ ਪੰਜ ਸਾਲਾਂ ਬਾਅਦ 'ਰੰਗ' ਬਦਲਣ ਦੀ ਪਰੰਪਰਾ ਚਿਰਾਂ ਤੋਂ ਸਾਡੇ 'ਭਾਰਤ-ਮਹਾਨ' ਵਿਚ ਕਾਰਜਸ਼ੀਲ ਹੈ। ਇਸ ਅਰਥਹੀਣ ਪ੍ਰਕਿਰਿਆ ਦੀ ਲਪੇਟ ਤੋਂ ਨਾ ਤਾਂ ਭਾਰਤ ਦਾ ਕੋਈ ਖੇਤਰ ਤੇ ਨਾ ਹੀ ਕੋਈ ਧਰਮ (ਹਿੰਦੂ, ਮੁਸਲਿਮ, ਸਿੱਖ, ਈਸਾਈ) ਬਚ ਸਕਿਆ ਹੈ। ਦਰਅਸਲ ਧਰਮ ਤੇ ਰਾਜਨੀਤੀ ਨਾ ਤਾਂ ਇਕ-ਦੂਜੇ ਤੋਂ ਵੱਖ ਹਨ ਤੇ ਨਾ ਹੀ ਇਹਨਾਂ ਨੂੰ ਵੱਖ ਕੀਤਾ ਜਾ ਸਕਦਾ ਹੈ। ਧਰਮ ਤੇ ਰਾਜਨੀਤੀ ਦੇ ਗਠਜੋੜ ਸੰਬੰਧੀ ਇੱਥੇ ਮੈਨੂੰ ਡਾ. ਰਾਮ ਮਨੋਹਰ ਲੋਹੀਆ ਦਾ ਕਥਨ ਯਾਦ ਆ ਰਿਹਾ ਹੈ, ਉਹ ਇਹਨਾਂ ਦੇ ਆਪਸੀ ਗਠਬੰਧਨ ਤੋਂ ਸੁਚੇਤ ਹੁੰਦਿਆਂ ਲਿਖਦੇ ਨੇ, "ਧਰਮ ਇਕ ਲੰਮੇ ਸਮੇਂ ਦੀ ਰਾਜਨੀਤੀ ਹੁੰਦਾ ਹੈ ਅਤੇ ਰਾਜਨੀਤੀ ਥੋੜ੍ਹੇ ਸਮੇਂ ਦਾ ਧਰਮ ਹੁੰਦੀ ਹੈ।"

ਖ਼ੈਰ! ਕਰੋਨਾ ਦੀ ਦਹਿਸ਼ਤ ਵਾਂਗ ਹੀ ਸੱਤਾ ਦੇ ਸੰਦ ਵਜੋਂ ਪੁਲਸ ਵੀ ਆਪਣੇ ਸੁਭਾਅ ਮੁਤਾਬਿਕ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਵਧਾਉਣ ਵਿਚ ਆਪਣਾ ਬਣਦਾ ਯੋਗਦਾਨ ਪਾ ਰਹੀ ਹੈ। ਰਹਿੰਦੀ ਖੂੰਹਦੀ ਕਸਰ ਕੁਦਰਤ ਨੇ ਬੇਮੌਸਮਾ ਮੀਂਹ ਪਾ ਕੱਢ ਦਿੱਤੀ ਹੈ। ਅਜਿਹੇ ਸਮੇਂ ਘਰਾਂ 'ਚ ਤੜੇ ਲੋਕਾਂ ਦੀ ਹਾਲਤ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਦੂਜੇ ਪਾਸੇ ਦੇਸ਼ ਦੀ ਇਕਾਨਮੀ ਦਿਨ-ਪ੍ਰਤੀ-ਦਿਨ ਡਿੱਗਦੀ ਜਾ ਰਹੀ ਹੈ ਤੇ ਇਸਲਾਮਿਕ ਫੋਬੀਆ ਸਿਖਰਾਂ ਨੂੰ ਛੋਹ ਰਿਹਾ ਹੈ। ਲੋਕ ਘਰਾਂ 'ਚ ਕੈਦ ਨੇ ਤੇ ਸੰਵੇਦਨਾ ਨੇ ਖੁਰਨ ਦਾ ਰਾਹ ਅਖ਼ਤਿਆਰ ਕਰ ਲਿਆ ਹੈ। ਕੁੱਲੀ, ਗੁੱਲੀ ਤੇ ਜੁੱਲੀ ਦੀ ਚਿੰਤਾ ਕਾਮੇ ਨੂੰ ਕੰਡ ਵਾਂਗ ਵੱਢ-ਵੱਢ ਖਾ ਰਹੀ ਹੈ। ਕਿਸਾਨੀ ਤੇ ਲਘੂ ਉਦਯੋਗੀਆਂ ਦੀਆਂ ਅੱਖਾਂ ਅੱਗੇ ਸੰਘਣਾ ਹਨੇਰਾ ਪਸਰ ਰਿਹਾ ਹੈ। ਦੇਸ਼ ਵਿਚ ਆਮ ਦਲਿਤ, ਮੁਸਲਿਮ, ਸਿੱਖ, ਹਿੰਦੂ ਤੇ ਹੋਰ ਘੱਟਗਿਣਤੀਆਂ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਨੇ। ਸਭ ਧਰਮਾਂ ਦੀ ਕੱਟੜਤਾ ਦੇ ਰੰਗ ਨਿਰੰਤਰ ਹੋਰ ਗੂੜੇ ਹੋ ਰਹੇ ਨੇ ਤੇ ਲਹੂ ਦਾ ਰੰਗ ਆਏ ਦਿਨ ਫਿੱਕਾ ਪੈ ਰਿਹਾ ਹੈ। ਘਰਾਂ 'ਚ ਹਿੰਸਾ ਤੇ ਬਾਹਰ ਸ਼ਮਸ਼ਾਨ ਵਰਗੀ ਚੁੱਪ ਹੈ। ਬੁੱਧੀਜੀਵੀਆਂ ਦੀਆਂ ਕਲਮਾਂ ਸ਼ਾਂਤ ਤੇ ਮੀਡੀਆ ਸ਼ੋਰ ਮਚਾ ਰਿਹਾ ਹੈ। ਮਨੁੱਖਤਾ ਹੱਥਾਂ 'ਚੋਂ ਰੇਤ ਵਾਂਗ ਕਿਰ ਰਹੀ ਹੈ ਤੇ ਕੁਦਰਤ ਸੱਜਰੀ-ਸੱਜਰੀ ਜਾਪ ਰਹੀ ਹੈ। ਖ਼ੁਦ ਨੂੰ ਕੈਦੀ ਮਹਿਸੂਸ ਕਰ ਰਿਹਾ ਆਮ ਬੰਦਾ ਇਹ ਸਭ ਤੱਕ ਕੇ ਭੈਅਭੀਤ ਹੈ। ਕਿੰਨਾ ਹੀ ਕੁਝ ਉਸ ਦੇ ਮਨ ਵਿਚ ਢਹਿ ਰਿਹਾ ਤੇ ਉਸਰ ਰਿਹਾ ਹੈ। ਕਿੰਨਾ ਹੀ ਕੁਝ ਕਲਪਨਾਵਾਂ ਵਿਚ ਸੁਰਜੀਤ ਹੋ ਰਿਹਾ ਹੈ। ਕਿੰਨੀਆਂ ਹੀ ਘਰਾਂ ਦੇ ਚੁੱਲ੍ਹਿਆਂ 'ਚ ਧੂਆਂ ਉਠ ਰਿਹਾ ਹੈ। ਕੈਦੀ ਬਣੇ ਲੋਕਾਂ ਦਿਆਂ ਚੁੱਲ੍ਹਿਆਂ 'ਚੋਂ ਉਠਦਾ ਧੂਆਂ ਕਦੋਂ ਉਹਨਾਂ ਦੇ ਸੀਨੇ ਅੰਦਰ ਭਾਂਬੜ ਬਣਦਾ ਹੈ, ਇਹ ਤਾਂ ਵਕਤ ਹੀ ਦੱਸੂ? ਸਬਰ ਤਾਂ ਆਖ਼ਿਰ ਸਬਰ ਹੁੰਦਾ ਹੈ ਨਾ!

❖ **ਸੁਖਚੈਨ ਸਿੰਘ**, ਖੋਜ-ਵਿਦਿਆਰਥੀ
ਫੋਨ: 9530922962

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# 'ਪੀੜਾ-ਹਰਨ' ਦਾਤਾ




**ਬੰਗਾਲੀ ਸੰਤ**- ਆਪ ਦਾ ਸੰਭਾਖਣ ਬਹੁਤ ਮਨੋਹਰ ਹੈ, ਕੀਹ ਆਪ ਦੱਸ ਸਕਦੇ ਹੋ ਕਿ ਉਹ ਸੱਜਣ ਠੱਗ ਵਾਲੀ ਸਾਖੀ ਕੀਹ ਹੈ ਤੇ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਉਸ ਵਿਚ ਕੀਹ ਹੈ ?

**ਸੰਤ**-ਹਾਂ ਜੀ, ਖੁਸ਼ੀ ਨਾਲ ਸੁਣੋ:

ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੋਂ ਗ੍ਰਿਹਸਤੀ ਸਨ ਤੇ ਸੁਲਤਾਨਪੁਰ ਨਵਾਬ ਦੇ ਮੋਦੀ ਸਨ। ਜਦੋਂ ਉਨ੍ਹਾਂ ਨੂੰ ਸਾਂਈਂ ਵਲੋਂ ਸੰਸਾਰ ਦੇ ਉਪਕਾਰ ਦੀ ਆਗਿਆ ਹੋਈ ਤਾਂ ਆਪ ਪਹਿਲੋਂ ਏਮਨਾਬਾਦ ਤਲਵੰਡੀ ਆਦਿ ਥਾਂਈਂ ਫਿਰਦੇ ਟੁਰਦੇ ਜਗਤ ਰਖਜਾ ਲਈ ਟੁਰ ਪਏ। ਸ਼ੁਭ ਮਤਾਂ ਦੇਂਦੇ, ਰੱਬ ਦੇ ਰਸਤੇ ਲਾਉਂਦੇ ਆਪ ਇਕ ਸੇਧ ਬੰਨ੍ਹਕੇ ਮੁਲਤਾਨ ਦੇ ਪਾਸੇ ਵਲ ਟੁਰੇ। ਇਧਰ ਆਪ ਨੂੰ ਇਕ ਹੋ ਰਹੀ ਬਦੀ ਦੇ ਸੁਧਾਰ ਦਾ ਖਿਆਲ ਸੀ। ਤੁਲੰਭੇ ਦੇ ਲਾਗੇ ਆਪ ਇਕ ਥਾਂ ਅੱਪੜੇ। ਇਥੇ ਇਕ ਆਦਮੀ ਰਹਿੰਦਾ ਸੀ ਜਿਸ ਦਾ ਨਾਮ ਸੱਜਣ ਸੀ। ਹਿੰਦੂ 'ਸਜਣ ਸ਼ਾਹ' ਕਰਕੇ ਬੋਲਦੇ ਸਨ, ਮੁਸਲਮਾਨ 'ਸਜਣ ਸ਼ੇਖ'। ਇਸ ਦਾ ਇਕ ਬਹੁਤ ਵਡਾ ਮਕਾਨ ਸੀ, ਜਿਸ ਦੇ ਵਿਚਕਾਰ ਡਿਓਢੀ ਸੀ, ਇਕ ਪਾਸੇ ਮਸੀਤ ਤੇ ਦੂਏ ਪਾਸੇ ਮੰਦਿਰ ਸੀ। ਜਦੋਂ ਕੋਈ ਮੁਸਾਫਰ ਆ ਜਾਵੇ ਤਾਂ ਖਾਤਰ ਕਰਦਾ ਤੇ ਪਾਸ ਰਖ ਲੈਂਦਾ ਸੀ। ਰਾਤ ਨੂੰ ਉਸ ਨੂੰ ਮਾਰ ਦੇਣਾ ਤੇ ਮਾਲ ਲੁੱਟ ਪੁਟ ਲੈਣਾ ਤੇ ਮਾਰਕੇ ਗੁਪਤ ਭੋਰਿਆਂ ਵਿਚ ਬਣਾਏ ਖੂਹਾਂ ਖਾਹਾਂ ਵਿਚ ਲੋਥਾਂ ਗੁੰਮ ਕਰ ਦੇਣੀਆਂ। ਕੋਈ ਐਸੇ ਪੇਚ ਬਣਾਏ ਹੋਏ ਸਨ ਕਿ ਸਾਰੇ ਮਾੜੇ ਕੰਮ ਸਾਰ ਲੈਂਦਾ ਤੇ ਸੂੰਹ ਨਾ ਨਿਕਲਦੀ। ਐਸੇ ਲੋਕ ਹਾਕਮਾਂ ਆਦਿਕਾਂ ਨਾਲ ਮਿਲੇ ਰਹਿੰਦੇ ਹਨ, ਆਪਣੀ ਮਾੜੀ ਖੱਟੀ ਦੇ ਹਿੱਸੇ ਦੇਂਦੇ ਰਹਿੰਦੇ ਹਨ, ਸੋ ਜੇ ਸੂੰਹ ਨਿਕਲੇ ਬੀ ਤਾਂ ਪਕੜੇ ਨਹੀਂ ਜਾਂਦੇ। ਇਸ ਪਾਪੀ ਤੇ ਇਸ ਦੇ ਪਾਪਾਂ ਦੀ ਗੁਰੂ ਬਾਬੇ ਨੂੰ ਸੋਝੀ ਸੀ, ਇਸ ਲਈ ਆਪਨੇ ਜਗਤ ਉਧਾਰ ਦੇ ਕੰਮ ਵਿਚ ਆਪਣਾ ਪਹਿਲਾ ਕੰਮ ਇਹੋ ਚਿਤਵਿਆ ਕਿ ਜੇ ਇਹ ਇਕ ਆਦਮੀ ਸੋਧਿਆ ਜਾਵੇ, ਅਨੇਕਾਂ ਆਦਮੀਆਂ ਦੇ ਖੂਨ ਬਚ ਜਾਣ ਤੇ ਅਨੇਕਾਂ ਦਾ ਭਲਾ ਹੋ ਜਾਵੇ, ਸੋ ਆਪ ਮੁਸਾਫਰ ਤਾਂ ਸਨ ਹੀ, ਮੁਸਾਫਰਾਂ ਵਾਂਗੂੰ ਜਾ ਉਸਦੇ ਘਰ ਉਤਰੇ। ਚਿਹਰੇ ਦਾ ਜਲਾਲ ਵੇਖਕੇ ਉਸ ਜਾਤਾ ਕੋਈ ਵਡੀ ਅਮੀਰ ਸਾਮੀ ਆਈ ਹੈ, ਨਾਲ ਆਪ ਦੇ ਮਰਦਾਨਾ ਸੀ। ਸੱਜਣ ਨੇ ਬੜੀ ਖਾਤਰ ਕੀਤੀ, ਆਪਣੇ ਅਮਲੇ ਫੈਲੇ ਨੂੰ ਤਿਆਰ ਕੀਤਾ ਕਿ ਰਾਤ ਇਨ੍ਹਾਂ ਨੂੰ ਮਾਰਕੇ ਲੁੱਟਣਾ ਹੈ ਤੇ ਬਹੁਤ ਪਦਾਰਥ ਹੱਥ ਲਗਣਾ ਹੈ, ਪਰ ਗੁਰੂ ਜੀ ਸੌਣ ਨਾ ਤੇ ਉਹ ਕਾਹਲੀ ਕਰੇ ਕਿ ਕਿਵੇਂ ਸੌਂ ਜਾਣ ਤਾਂ ਮਾਰਾਂ। ਕਈ ਕੌਤਕ ਉਸ ਕੀਤੇ, ਲੰਮੀ ਗਲ ਬਾਤ ਹੈ। ਅਖੀਰ ਜਦ ਬਹੁਤ ਰਾਤ ਬੀਤੀ ਤਾਂ ਗੁਰੂ ਜੀ ਨੇ ਕਿਹਾ ਭਾਈ ਇਕ ਸ਼ਬਦ ਖੁਦਾਇ ਦਾ ਕੀਰਤਨ ਕਰ ਕੇ ਫੇਰ ਸਵਾਂਗੇ। ਸੋ ਮਰਦਾਨੇ ਨੇ ਰਬਾਬ ਵਜਾਇਆ ਤਦ ਗੁਰੂ ਜੀ ਨੇ ਆਪਣੇ ਡਾਢੇ ਮਿੱਠੇ ਤੇ ਸੁਰੀਲੇ ਗਲੇ ਤੋਂ ਇਹ ਸ਼ਬਦ ਗਾਂਵਿਆਂ :-

ਸੂਹੀ ਮਹਲਾ ੧ ਘਰੁ ੬

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ਰਹਾਉ॥ ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥ ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥੨॥ ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍॥੩॥ ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥੪॥ ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥੫॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥੬॥੧॥੩॥ (ਅੰਗ-੭੨੯)

ਸਜਣ ਨੇ ਇਹ ਸ਼ਬਦ ਸੁਣਿਆ। ਸਤਿਗੁਰ ਨੇ ਪੜ੍ਹਿਆ ਦਿਲ ਦੇ ਡੂੰਘੇ ਭਾਵ ਨਾਲ ਸੀ ਕਿ ਇਸ ਤੇ ਅਸਰ ਪਵੇ, ਵੇਲਾ ਬੀ ਏਕਾਂਤ ਦਾ ਸੀ, ਆਤਮ-ਪ੍ਰਭਾਵ ਉਸ ਸੂਰੇ ਗੁਰੂ ਦਾ ਕਮਾਲ ਦਾ ਸੀ, 'ਸੱਜਨ' ਤੇ ਅਸਰ ਹੋ ਗਿਆ, ਆਪਣੇ ਕੀਤੇ ਕਰਮ ਉਸ ਨੂੰ ਪਾਪ ਹੋ ਦਿੱਸੇ ਤੇ ਸ਼ਰਮ ਆਈ ਤਦ ਪੈਰਾਂ ਤੇ ਢੱਠਾ, ਪੈਰ ਚੁੰਮਿਓਸੁ ਤੇ ਪੁਕਾਰਿਆ 'ਜੀਉ ਮੇਰੇ ਗੁਨਾਹ ਫਦਲ ਕਰਿ'। ਤਦ ਗੁਰੂ ਜੀ ਨੇ ਕਿਹਾ 'ਸ਼ੇਖ ਸਜਣ ! ਖੁਦਾਇ ਦੀ ਦਰਗਾਹ ਦੁਹ ਗਲੀਂ ਗੁਨਾਹ ਫਦਲ ਹੁੰਦੇ ਹਨ।'। ਤਦ ਸਜਣ ਨੇ ਕਿਹਾ ਜੀ ਦੱਸੋ ਮੇਰੇ ਕੀਤੇ ਪਾਪਾਂ ਤੇ ਫਜ਼ਲ ਕੀਕੂੰ ਹੋਵੇ ? ਗੁਰੂ ਜੀ ਨੇ ਕਿਹਾ ਇਕ ਤਾਂ ਸੱਚ ਬੋਲੇ, ਦੱਸ ਕੀਹ ਕੁਛ ਕਰਦਾ ਰਿਹਾ ਹੈਂ ? ਦੂਸਰੇ ਜੋ ਕੁਛ ਪਾਪਾਂ ਨਾਲ ਕਮਾਇਆ ਹਈ ਉਹ ਦੇਹ ਰੱਬ ਦੇ ਰਸਤੇ ਅਤੇ ਜਿਨ੍ਹਾਂ ਦਾ ਲੁਟਿਆ ਹਈ ਉਨ੍ਹਾਂ ਨੂੰ। ਤਦ ਉਸ ਪਾਪੀ ਨੇ ਆਪਣੇ ਸਾਰੇ ਪਾਪਾਂ ਦਾ ਇਕਰਾਰ ਕੀਤਾ। ਅਗਲੇ ਦਿਨ ਉਸ ਦਾ ਸਾਰਾ ਮਾਲ ਧਨ ਘਲਵਾ ਦਿਤਾ, ਥਾਓਂ ਥਾਂਈਂ ਜਿਥੋਂ ਦਾ ਸੀ ਜਿਨ੍ਹਾਂ ਦਾ ਥਹੁ ਸੀ, ਬਾਕੀ ਭਲੇ ਅਰਥ ਲੁਆ ਦਿੱਤਾ। ਉਹ ਜੋ ਉਸ ਦਾ ਪਾਪ ਵਾਲਾ ਘਰ ਸੀ ਸਾਰਾ ਢੁਹਾਕੇ ਧਰਮਸਾਲ ਬਨਵਾਈ। ਇਹ ਪਹਿਲੀ ਧਰਮਸਾਲ ਸੀ, ਜੋ ਗੁਰੂ ਬਾਬੇ ਨੇ ਬਨਵਾਈ, ਸਜਣ ਇਸ ਧਰਮਸਾਲ ਦਾ ਸੇਵਕ ਹੋਇਆ। ਨਾਮ ਜਪੇ, ਕੀਰਤਨ ਕਰੇ, ਪਾਪਾਂ ਦੀ ਮੈਲ ਮਨ ਤੋਂ ਧੋਵੇ ਤੇ ਆਏ-ਗਏ ਦੁਖੀ ਦਰਦਵੰਦ ਰਵਾਨਿਆਂ ਦੀ ਸੇਵਾ ਕਰੇ। ਅੰਨ ਪਾਣੀ ਧਰਮ ਦਾ ਕਰੇ।

**ਬੰਗਾਲੀ ਸੰਤ**-ਬਹੁਤ ਖੂਬ। ਠੀਕ ਹੈ ਜੋ ਆਪ ਨੇ ਕਿਹਾ ਹੈ। ਜੇ ਹੁਣ ਗੁਰੂ ਜੀ ਆਪਣੇ ਆਨੰਦ ਵਿਚ ਬੈਠੇ ਰਹਿੰਦੇ ਤਾਂ ਇਸ ਪਾਪ ਗੜ੍ਹ ਨੂੰ ਕੌਣ ਤੋੜਦਾ ? ਕਿਤਨਾ ਉਪਕਾਰ ਕੀਤਾ ? ਸ੍ਰਿਸ਼ਟੀ ਦੇ ਵੈਰੀ ਨੂੰ ਸ੍ਰਿਸ਼ਟੀ ਦਾ ਹਿਤੂ ਬਣਾ ਦਿਤਾ, ਪਰ ਜੀ ਇਸ ਵਿਚ ਕੀਹ ਉਪਦੇਸ਼ ਸੀ ਜੋ ਉਸ ਨੌਜਵਨਾ ਨੇ ਲਿਆ ਤੇ ਪਾਣੀ ਨੂੰ ਉਮਾਹੂ ਕਰ ਦੇਣ ਦਾ ਕੰਮ ਕੀਤਾ।

**ਸੰਤ**-ਉਪਦੇਸ਼ ਇਹ ਸੀ ਕਿ ਗੁਰੂ ਜੀ ਨੇ ਇਕ ਆਦਮੀ ਨੂੰ ਤਾਰਿਆ, ਪਰ ਇਕ ਦੇ ਤਾਰਨ ਨਾਲ ਇਕ ਨਹੀਂ ਬਚਿਆ, ਸੈਂਕੜੇ ਤੇ ਹਜ਼ਾਰਾਂ ਦਾ ਬਚਾਉ ਹੋ ਗਿਆ ਤੇ ਸੈਂਕੜੇ ਇਸ ਤੋਂ ਅਗੋਂ ਉਸ ਇਕ ਦੇ ਹਥੋਂ ਸੁਖੀ ਹੋਏ। ਇਸੀ ਤਰ੍ਹਾਂ ਉਸ ਨੇ ਸੋਚਿਆ ਕਿ ਇਕ ਇਕ ਡੋਲ ਪਾਉਣ ਨਾਲੋਂ ਉਹ ਕੰਮ ਕਰੋ ਕਿ ਤੇਰੇ ਇਕ ਨਿਮਾਣੇ ਜਤਨ ਨਾਲ ਜਲ ਅਸਗਾਹ ਆ ਜਾਵੇ ਤੇ ਸਾਰਿਆਂ ਦੀ ਸੇਵਾ ਸਫਲਤਾ ਨੂੰ ਪਹੁੰਚੇ ਜੋ ਅਗ ਬੁਝ ਜਾਵੇ। ਆਪਣੇ ਮਨ ਨੂੰ ਉਸ ਮਤਿ ਦੇ ਚਾਨਣੇ ਨਾਲ ਵਿਸ਼ਾਲਤਾ ਵਿਚ ਪਾਇਆ ਤੇ ਮਨ ਨੂੰ ਵਾਹਿਗੁਰੂ ਦੇ ਚਾਨਣੇ ਅੱਗੇ ਸੁੱਟਿਆ। ਅੰਦਰ ਬੈਠੇ ਅੰਤਰਯਾਮੀ ਨੇ ਉਸ ਨੂੰ ਵਿਸ਼ਾਲ ਬੁੱਧੀ ਦਿਤੀ। ਸੋ ਸੰਤ ਜੀ! ਸਾਂਈਂ

ਦੀ ਰਾਖੀ ਹੇਠ ਪ੍ਰਬੁੱਧ ਮਨ ਹੋਣ ਨਾਲ ਹੀ ਪਰਉਪਕਾਰ ਦੀ ਵਿਸ਼ਾਲਤਾ ਤੇ ਦਰੁਸਤੀ ਬਣਦੀ ਹੈ।

**ਬੰਗਾਲੀ ਸੰਤ**-ਇਸ ਤੋਂ ਤਾਂ ਇਹ ਸਾਬਤ ਹੋਇਆ ਕਿ ਸ੍ਰੀ ਗੁਰੂ ਜੀ ਕੇਵਲ ਜੀਵਾਂ ਨੂੰ ਪਰਮਾਰਥ ਦਾ ਉਪਦੇਸ਼ ਦੇ ਕੇ ਉਚਿਆਂ ਹੀ ਨਹੀਂ ਸੇ ਕਰਦੇ, ਸਗੋਂ ਉਹ ਇਨਸਾਨ ਦੀ ਦਿਲ-ਪੀੜਾ ਨਾਲ ਡੂੰਘੀ ਦਿਲੀ ਹਮਦਰਦੀ ਰਖਦੇ ਸਨ।

**ਸੰਤ**-ਉਹਨਾਂ ਦੇ ਦਿਲ ਨੂੰ ਜਿੰਨੀ ਇਨਸਾਨ ਨਾਲ ਹਮਦਰਦੀ ਸੀ, ਉਹ ਇਨੇ ਕਮਾਲ ਦੀ ਸੀ ਕਿ ਕਹੀ ਨਹੀਂ ਜਾ ਸਕਦੀ। ਨਾ ਕੇਵਲ ਇਨਸਾਨ ਦੇ ਅਗਜਾਨ ਦੂਰ ਕਰਨ ਵਿਚ, ਨਾ ਕੇਵਲ ਵੱਡੀਆਂ ਮੁਸ਼ਕਲਾਂ ਦੇ ਹੱਲ ਕਰਨ ਵਿਚ, ਸਗੋਂ ਜ਼ਿੰਦਗੀ ਦੇ ਆਮ ਨਿੱਕੇ ਨਿੱਕੇ ਵਰਤਾਰੇ ਵਿਚ ਬੀ। ਅਜੇ ਉਮਰਾ ਛੋਟੀ ਹੀ ਸੀ ਕਿ ਭੁੱਖਿਆਂ ਤੇ ਦੁਖੀਆਂ ਨੂੰ ਦੇ ਦੇ ਕੇ ਖੁਸ਼ ਹੁੰਦੇ ਸਨ। ਇਕ ਵੇਰੀ ਪਿਤਾ ਜੀ ਨੇ ਕੁਛ ਰੁਪਯੇ ਦੇ ਕੇ ਸੌਦਾ ਖਰੀਦਣ ਲਈ ਘੱਲਿਆ। ਆਪ ਨੇ ਰਸਤੇ ਵਿਚ ਡਿੱਠਾ ਕਿ ਇਕ ਸਾਧੂਆਂ ਦੀ ਮੰਡਲੀ ਹੈ ਜੋ ਕਈ ਦਿਨਾਂ ਦੀ ਭੁੱਖੀ ਹੈ। ਆਪ ਨੇ ਉਨ੍ਹਾਂ ਰੁਪੱਯਾਂ ਦਾ ਦਰੁਸਤ ਵਰਤਾਉ ਉਨ੍ਹਾਂ ਲੋੜਵੰਦਾਂ ਦੀ ਪੀੜਾ ਹਰਨ ਵਿਚ ਸਮਝਿਆ ਤੇ ਉਨ੍ਹਾਂ ਨੂੰ ਭੋਜਨ ਲੈ ਕੇ ਖੁਲ੍ਹਾ ਦਿੱਤਾ। ਜਾਣਦੇ ਸਨ ਕਿ ਪਿਤਾ ਜੀ ਵਲੋਂ ਪੀੜਾ ਪ੍ਰਾਪਤ ਹੋਵੇਗੀ। ਕਿੰਤੂ ਉਸ ਪਰ ਪੀੜਾ ਉਤੇ ਪਸੀਜਣ ਵਾਲੇ ਦਾਤੇ ਨੇ ਉਨ੍ਹਾਂ ਦੀ ਪੀੜਾ ਹਰ ਦਿੱਤੀ ਤੇ ਪਿਤਾ ਵਲੋਂ ਮਿਲੀ ਪੀੜਾ ਆਪਣੇ ਉਪਰ ਸਹਾਰ ਲਈ।

ਛੋਟੀ ਛੋਟੀ ਦਿਲ ਪੀੜਾ ਬੀ ਪਛਾਣਦੇ ਤੇ ਹਮਦਰਦ ਹੋ ਖੜੋਂਦੇ ਸਨ। ਸੁਲਤਾਨਪੁਰ ਜਦੋਂ ਆਪ ਮੋਦੀਖਾਨੇ ਦਾ ਕੰਮ ਕਰਦੇ ਸਨ ਤਾਂ ਗ੍ਰੀਬ ਅਤਿੱਥੀ ਲੋੜਵੰਦ ਆਪ ਦੇ ਦਰ ਆਏ ਹੀ ਰਹਿੰਦੇ ਸਨ। ਆਪ ਆਪਣੀ ਕਮਾਈ ਲਗ ਪਗ ਸਾਰੀ ਉਨ੍ਹਾਂ ਦੀ ਪੀੜਾ ਹਰਨ ਤੇ ਲਾ ਦੇਂਦੇ ਸਨ। ਕਈ ਵੇਰ ਸ਼ਿਕਾਇਤਾਂ ਹੋਈਆਂ ਕਿ 'ਨਾਨਕ ਮੋਦੀ ਮੋਦੀਖਾਨਾ ਲੁਟਾ ਰਿਹਾ ਹੈ। ਪਰ ਜਦ ਕਦੇ ਹਿਸਾਬ ਹੋਇਆ, ਇਹੋ ਨਿਕਲਿਆ ਕਿ ਗੁਰੂ ਨਾਨਕ ਰਬ ਦਾ ਮੋਦੀ ਅਪਣੀ ਕਮਾਈ ਲੁਟਾਉਂਦਾ ਹੈ ਨਵਾਬ ਦਾ ਮੋਦੀਖਾਨਾ ਨਹੀਂ ਲੁਟਾਉਂਦਾ। ਇਥੋਂ ਤਾਈਂ ਆਪ ਦਾ ਇਨਸਾਨੀ ਨਿਕੀਆਂ ਨਿਕੀਆਂ ਮੁਸ਼ਕਲਾਂ ਨਾਲ ਪਿਆਰ ਸੀ ਕਿ ਇਕ ਵੇਰ ਇਕ ਆਦਮੀ ਦੀ ਧੀ ਦਾ ਵਿਆਹ ਸੀ ਤੇ ਉਹ ਕੰਗਾਲ ਹੈਸੀ ਯਾ ਹੋ ਗਿਆ ਸੀ। ਆਪ ਨੇ ਆਪਣੇ ਸਿਖ ਭਾਈ ਭਗੀਰਥ ਨੂੰ ਲਾਹੌਰ ਭੇਜਕੇ ਚੂੜਾ ਆਦਿ ਵਿਆਹ ਦੀ ਸੌਜ ਵੇਲੇ ਸਿਰ ਮੰਗਵਾਕੇ ਕਾਰਜ ਕਰਵਾ ਦਿਤਾ। ਤੁਸੀਂ ਕਹਿੰਦੇ ਸੇ ਕਿ ਨਿੱਕੀਆਂ ਨਿੱਕੀਆਂ ਇਨਸਾਨੀ ਪੀੜਾਂ ਵਿਚ ਬੀ ਦਰਦ ਵੰਡਦੇ ਸਨ ਕਿ ਨਹੀਂ, ਸੰਤ ਜੀ ! ਉਹ ਤਾਂ ਇਨਸਾਨ ਦੇ ਦਰਦ ਨਾਲ ਆਪ ਦਰਦੀ ਹੁੰਦੇ ਸਨ ਔਤਿ ਦੇ, ਇਹੋ ਸ਼ੈ ਉਨ੍ਹਾਂ ਨੂੰ ਸਾਰੇ ਜਗਤ ਵਿਚ ਲਈ ਫਿਰੀ। ਇਕ ਵੇਰ ਆਪ ਪਾਕਪਟਨ ਵਲ ਗਏ ਸਨ। ਇਧਰ ਇਕ ਕੋੜ੍ਹੀ ਫਕੀਰ ਸ਼ਹਿਰੋਂ ਬਾਹਰ ਰਹਿੰਦਾ ਸੀ। ਕੋਈ ਇਸ ਦੇ ਨੇੜੇ ਨਹੀਂ ਸੀ ਢੁੱਕਦਾ। ਇਕੱਲਾ ਤੇ ਦਰਦ ਰਵਾਣਾ ਸੀ, ਕੋਈ ਵਾਤ ਪੁੱਛਣੇ ਵਾਲਾ ਨਹੀਂ ਸੀ। ਇਸਦੇ ਪਾਸ ਜਾ ਕੇ ਰਹੇ। ਕੋੜ੍ਹੀ ਤੋਂ ਨਫਰਤ ਨਹੀਂ ਕੀਤੀ। ਰਾਤ ਉਸ ਪਾਸ ਉਸਦੀ ਝੁੱਗੀ ਵਿਚ ਗੁਜ਼ਾਰੀ, ਉਸਨੂੰ ਸਤਿ ਉਪਦੇਸ਼ ਦਿੱਤਾ। ਆਪ ਆਤਮ ਸਤਜਾ ਵਿਚ ਬੜੇ ਪ੍ਰਬਲ ਸੇ ਪਰ ਲਗਦੇ ਚਾਰੇ ਕਰਾਮਾਤ ਵਾਲੀ ਗਲ ਘੱਟ ਕਰਦੇ ਸੇ। ਇਸ ਕੋੜ੍ਹੀ ਦੀ ਪੀੜਾ ਤੇ ਤ੍ਰੁਠੇ, ਉਸਦਾ ਕੋੜ੍ਹ ਦੂਰ ਕੀਤਾ ਸਰੀਰ ਦਾ ਹੀ ਨਹੀਂ ਮਨ ਦਾ ਰੋਗ ਬੀ ਦੂਰ ਕੀਤਾ। **ਪੁਰਾਤਨ ਜਨਮ ਸਾਖੀ** ਵਿਚ ਲਿਖਿਆ ਹੈ-''ਤਬ ਦਰਸਨ ਕਾ ਸਦਕਾ ਕੋੜ੍ਹ ਦੂਰ ਹੋਇ ਗਇਆ, ਦੇਹੀ ਹਛੀ ਹੋਈ, ਆਇ ਪੈਰੀ ਪਇਆ, ਨਾਉਂ ਧਰੀਕ ਹੋਇਆ। ਗੁਰੂ ਗੁਰੂ ਲਗਾ ਜਪਣਿ''। ਅਰਥਾਤ ਗੁਰੂ ਜੀ ਨੇ ਦੇਹ ਅਰੋਗਤਾ ਦਾਨ ਬਖਸ਼ਿਆ ਨਾਲ ਉਸਨੂੰ ਉੱਚ ਜੀਵਨ ਵਿਚ ਦਾਖਲ ਕੀਤਾ ਜੋ ਰਾਜ਼ੀ ਹੋਕੇ ਵਿਕਾਰਾਂ ਵਿਚ ਨਾ ਜਾ ਪਵੇ ਸਗੋਂ ਅੰਦਰੋਂ ਸੁਖੀ ਹੋ ਕੇ ਜਗਤ ਪੀੜਾ ਦੇ ਹਰਨ ਵਿਚ ਸੇਵਾ ਕਰੇ। ਪਰ-ਵਸ ਪੈ ਕੇ ਪੀੜਤ ਹੋਣ ਵਾਲਿਆਂ ਦੀ ਪੀੜਾ ਹਰਨ ਦਾ ਪ੍ਰਸੰਗ ਮੈਂ ਸਜਣ ਦਾ ਸੁਣਾ ਚੁਕਾ ਹਾਂ। ਇਕ ਵੇਰ ਆਪ ਦਾ ਸਾਥੀ ਮਰਦਾਨਾ ਇਕ ਜਾਦੂਗਰਨੀ ਦੇ ਵੱਸ ਪੈ ਗਿਆ ਸੀ। ਆਪ ਨੇ ਨਾ ਕੇਵਲ ਮਰਦਾਨੇ ਨੂੰ ਉਸ ਤੋਂ ਛੁਡਾਇਆ ਸਗੋਂ ਉਸ ਜਾਦੂਗਰਨੀ ਨੂੰ ਆਪਣੇ ਨੀਵੇਂ ਵਿਹਾਰ ਤੋਂ, ਜਿਸ ਨਾਲ ਉਹ ਲੋਕਾਂ ਨੂੰ ਵੱਸ ਕਰਕੇ ਦੁਖੀ ਕਰ ਰਹੀ ਸੀ, ਛੁਡਾਇਆ ਤੇ ਨਾਮ ਦਾਨ ਦੇਕੇ ਉੱਚ ਜੀਵਨ ਵਿਚ ਲਾਇਆ। ਤੁਸੀਂ ਜਾਣਦੇ ਹੋ ਇਕ ਲੋਕ ਮਾਣਸ ਭੱਖ ਹੁੰਦੇ ਹਨ, ਜਿਨ੍ਹਾਂ ਨੂੰ ਸਾਡੇ ਮਿਤ੍ਰ ਚਾਨਣ ਸਿੰਘ ਦੀ ਪੱਛਮੀ ਬੋਲੀ ਵਿਚ ਕੈਨੀਬਲ (Cannibal) ਆਖਦੇ ਹਨ, ਐਸਾ ਇਕ ਆਦਮੀ ਦੱਖਣੀ ਬਨਾਂ ਵਿਚ ਰਹਿੰਦਾ ਸੀ। ਉਸਦਾ ਨਾਮ ਕੌਡਾ ਰਾਖਸ਼ ਸੀ, ਉਹ ਆਦਮੀ ਮਾਰਕੇ ਖਾਇਆ ਕਰਦਾ ਸੀ। ਆਪ ਆਪਣੇ ਇਕ ਸਫਰ ਵਿਚ ਇਸ ਪਾਸੇ ਜਾ ਨਿਕਲੇ। ਡਰੇ ਨਹੀਂ, ਅਝਕੇ ਨਹੀਂ, ਆਪਣੀ ਪਰਾਗੱਲਭ ਸ਼ਖਸੀਅਤ ਨਾਲ ਉਸ ਉਤੇ ਆਪਣਾ ਅਸਰ ਪਾਇਆ ਤੇ ਉਸ ਤੋਂ ਇਹ ਕੰਮ ਛੁਡਵਾਇਆ। ਬੜੀ ਖੂਬੀ ਆਪਦੀ ਇਹ ਸੀ ਕਿ ਐਸੇ ਪਤਿਤਾਂ ਨੂੰ ਜਦ ਠੀਕ ਕਰਦੇ ਸੀ ਤਾਂ ਉੱਚ ਜੀਵਨ ਸਿਖਾਕੇ ਸੁਖਦਾਈ ਬਣਾ ਦੇਂਦੇ ਸੀ, ਜੋ ਉੱਚੇ ਆਦਰਸ਼ ਵਿਚ ਆ ਕੇ ਫੇਰ ਉਨ੍ਹਾਂ ਦਾ ਗਿਰਾਉ ਨਾ ਹੋਵੇ। ਐਸੇ ਐਸੇ ਉਪਕਾਰਾਂ ਵੇਲੇ ਆਪਣੇ ਆਪ ਨੂੰ ਸਖਤ ਖਤਰਿਆਂ ਵਿਚ ਪਾ ਕੇ ਬੀ ਆਪਣਾ ਸ਼ੁਭ ਮਨੋਰਥ ਸਿਰੇ ਚਾੜ੍ਹੇ ਬਿਨਾਂ ਨਹੀਂ ਸੇ ਰਹਿੰਦੇ। ਇਕ ਵੇਰ ਇਕ ਇਨਸਾਨਾਂ ਨੂੰ ਗੁਲਾਮੀ ਵਿਚ ਪਾਕੇ ਦੁੱਖ ਦੇਣ ਵਾਲੇ ਦੀ ਗੁਲਾਮੀ ਵਿਚ ਆਪਣੇ ਆਪ ਨੂੰ ਲਿਜਾਕੇ ਉਸ ਨੂੰ ਐਸਾ ਸੋਧਿਆ ਕਿ ਸਾਰੇ ਗੁਲਾਮ ਰਿਹਾ ਕਰਵਾਏ। ਬਾਬਰ ਦਾ ਹਮਲਾ ਤੁਸਾਂ ਪੜ੍ਹਿਆ ਹੋਊ। ਗੁਰੂ ਨਾਨਕ ਦੇਵ ਜੀ ਦੇ ਦੋ ਤ੍ਰੈ ਸ਼ਬਦ ਹੈਨ ਉਸ ਵੇਲੇ ਦੇ। ਆਪ ਪਠਾਣਾਂ ਦੇ ਰਾਜ ਸਮੇਂ ਹੋਏ ਹਨ, ਮੁਗਲਾਂ ਦਾ ਰਾਜ ਉਨ੍ਹਾਂ ਦੇ ਸਮੇਂ ਹੀ ਆਇਆ ਸੀ। ਗੁਰੂ ਜੀ ਨੇ ਬਾਬਰ ਦੇ ਆਉਣ, ਜ਼ੁਲਮ ਕਰਨ, ਹਿੰਦ ਜਿੱਤਣ ਤੇ ਫੇਰ ਹਮਾਯੂ ਦੇ ਨੱਸ ਜਾਣ ਬਾਬਤ ਉਸਦੇ ਆਉਣ ਤੋਂ ਪਹਿਲਾਂ ਭਵਿਖਤ ਵਾਕ ਕਹੇ ਸਨ। ਓਹ ਸਬਦ ਮੌਜੂਦ ਹੈ ਤੇ ਉਸ ਵਿਚ ਸਾਫ ਦਿੱਸਦਾ ਹੈ ਕਿ ਹੋਣਹਾਰ ਪਹਿਲੋਂ ਹੀ ਇਹ ਕਹਿ ਰਹੇ ਹਨ। ਸੋ ਇਸਤਰ੍ਹਾਂ ਬੀ ਆਪ ਨੂੰ ਪਤਾ ਸੀ ਤੇ ਜਦ ਓਹ ਕਾਬਲੋਂ ਟੁਰ ਹੀ ਪਿਆ ਤਾਂ ਪਤਾ ਸੀ ਕਿ ਆ ਰਿਹਾ ਹੈ। ਅੱਜ ਕਲ ਦੇਖੋ ਜੰਗ ਯੂਰਪ ਵਿਚ ਹੋ ਰਿਹਾ ਹੈ ਤੇ ਸਾਡੇ ਪੰਜਾਬ ਦੇ ਕਈ ਲੋਕੀ ਘਰ ਛੋੜ ਛੋੜ ਪਹਾੜਾਂ ਵਲ ਲੁਕਣੇ ਨੂੰ ਜਾ ਰਹੇ ਹਨ, ਪਰ ਗੁਰੂ ਬਾਬਾ ਜੀ ਸੈਦਪੁਰ ਸੰਡਿਆਲੀ ਵਿਚ ਉਸ ਵੇਲੇ ਬੀ ਬੈਠੇ ਰਹੇ, ਜਿਸ ਵੇਲੇ ਪਤਾ ਸੀ ਕਿ ਇਥੋਂ ਦੇ ਨਵਾਬ ਨੇ ਬਾਬਰ ਦਾ ਟਾਕਰਾ ਕਰਨਾ ਹੈ ਤੇ ਇਥੇ ਉਸਦਾ ਕਹਰ ਵਰਤਣਾ ਹੈ। ਆਪ ਦਾ ਅਝੁਕ ਤੇ ਅਡਰ ਮਨ ਇਸ ਸੰਕਟ ਵਿਚ ਜਗਤ ਪੀੜਾ ਹਰਨੀ ਚਾਹੁੰਦਾ ਸੀ, ਪਰ ਆਪ ਨੂੰ ਖ਼ਤਰੇ ਵਿਚ ਪਾਏ ਬਿਨਾਂ ਇਹ ਕੰਮ ਨਹੀਂ ਸੀ ਹੋ ਸਕਦਾ, ਸੋ ਆਪ ਟਿਕੇ ਰਹੇ। ਸੰਡਜਾਲੀ ਦੇ ਜੰਗ ਵੇਲੇ ਓਥੇ ਹੀ ਰਹੇ। ਕਤਲਾਮ ਹੋਈ, ਲੋਕੀਂ ਕੈਦ ਪਾਏ ਗਏ, ਆਪ ਬੀ ਕੈਦ ਵਿਚ ਪੈ ਗਏ। ਕੈਦ ਵਿਚ ਐਸਾ ਕੌਤਕ ਕੀਤਾ ਕਿ ਆਪਨੂੰ ਬਾਬਰ ਦੇ ਪਾਸ ਲੈ ਗਏ। ਇਹੋ ਵੇਲਾ ਆਪ ਢੂੰਡਦੇ ਸੇ। ਆਪ ਨੇ ਬਾਬਰ ਨੂੰ ਇਸ ਵੇਲੇ ਸ਼ਰਮਿੰਦਾ ਕੀਤਾ। ਕਿਹਾ ਕਿ ਫੌਜੀ ਤਾਕਤ ਫੌਜੀ ਨਾਲ ਲੜੇ। ਸ਼ਹਿਰੀ ਵਸੋਂ ਉਤੇ ਫੌਜੀ ਤਾਕਤ ਕਿਉਂ ਟੁੱਟ ਪਵੇ, ਜੇ ਐਸਾ ਹੋਵੇ ਤਾਂ ਮਾਲਕ ਨੂੰ ਪੁੱਛ ਹੋਣੀ ਚਾਹੀਏ ਉਹ ਜ਼ਿੰਮੇਵਾਰ ਹੈ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# Martyrdom of Guru Arjan Dev

❖ **Prof. Teja Singh**

Some events in the annals of human history bring changes and reshape the destiny of the nation. There are very few individuals in the history of the world whose courage, determination, will, foresight and martyrdom brought unique change in the human history. Martyrs leave behind their legacy–the legacy to stand for human rights, love for their motherland, for their convictions and faith, and the legacy to strive for the universality of humanity and the legacy to stand against injustice and social evils. The martyrdom of Guru Arjan was one, which brought a unique change in the Indian way of thinking, in the way of living, in political, social and religious life. In fact it was the revolution in the history to eradicate ills and evils of the society, and a revolution in the Brahmanical social system replete with whimsical system, rituals and dualistic worship. It was also a revolution in the Islamic way of thinking and of forcible conversion that was impinging its effects on the Hindu way of life.

Butchery is an in born instinct. It, since dawn danced naked with humanity not caring even for the innocent and ignorant. Nevertheless humanity always stood for good cause wherever and whenever necessity called for. The human nature engulfed by greed, cruelty, and hunger for power and money fanned its hoods to tax and devour the weak common folk. Falsehood too played its principal part to victimize the people. No doubt truth always fought against falsehood, but falsehood with its accomplices and sycophants always played its role in proving its supremacy in dubious ways.

Guru Arjan Dev too fell prey to this injustice, prejudice and intolerance. But the seed of Sikhism sown by Guru Nanak went on sprouting and blooming, and shall grow ever more. Sikhism stood un-shaken though it was to pass through a steep and hilly terrain of time, fighting against injustice, intolerance and protecting the weak and hapless.

Martyrdom of Guru Arjan Dev, the apostle of humility and piety took place at Lahore (now in Pakistan) during the seventeenth century, under the direct orders of Emperor Jahangir. Sikh religion, established by Guru Nanak, at that time was about a hundred years old. The numbers of Sikhs during this period were considerable and were on the increase. The Guru during his life established a Sikh centre at Amritsar, built the Golden Temple and compiled Guru Granth Sahib. Later on the Guru established trade centres at Amritsar Sahib and Kartarpur (in district Jalandhar). He dug up huge tanks (*sarovars*) for the devotees to bathe in and develop oneness of community feeling. The purpose in setting up trade centres was to boost the financial and social status of the people. The Guru encouraged the Sikhs to take up the profession of horse-trading, horsemanship and export and import of various other items.

These developments increased the popularity of the Sikh faith in general, and particularly made Sikhs a potential social and political force. The over all growth in the circles of Sikh religion and social development on the whole created fear in the mind of Emperor Jahangir and also for the narrow minded and orthodox Muslims who visualized foreboding danger to Islam and Islamic rule. The political Islam, as represented by its Ulema (the learned ones), with their apotheosis in the *Mujaahdeen* (warriors against infidels in defence of the faith) of Sirhind, continued its efforts relentlessly to oppose, and if possible to destroy Sikhism.

Sheikh Ahmad Sirhindi who became the disciple of Sheikh Farid Bukhaari (who was a disciple of Mohd. Baqi Billa) came in direct touch with Emperor Jahangir. He claimed himself as Mujahid of Islam and became the leader of Naqashbandi movement. After declaring himself as a leader of Naqashbandi movement and being a staunch follower of Islam started hatching conspiracy to kill Guru Arjan Dev with the support of the then Emperor Jahangir. He further carried on his wicked designs to annihilate the Sikhs and the Sikh Gurus. These historical facts also expose the hidden hands of the fanatic Ulemas, behind the execution of Guru Arjan Dev. This was accompanied by incarceration and intent to kill Guru Har Gobind through full-scale military operation and also persecution of Guru Har Rai. Sheikh Farid Bukhaari who helped Jahangir to crush the rebellion instigated by Khusro was honoured with a title of Murtaza Khan (a chosen officer).

In Punjab Sakhi Sarvar (Muslim worshippers of graves) movement, especially in the area between the rivers Ravi and Beas was in prime and the Hindus were coming under the influence of Islam. The Guru set up a Sikh centre at Tarn Taran Sahib to check the growing influence of Islam. Guru Arjan's influence not only had

a substantial affect to check the movement of Sakhi Sarvar but also some of the strong followers of Sarvari movement became the followers of the Guru, especially Bhai Manjh, who was one of the most influential members of this movement.

There were three main Sakhi Sarvar centres during the reign of Jahangir, Nigahey, Dhaunkal and Pakhowal (Distt. Amritsar). The centre at Pakhowal was known as Sheikh Fateh Pirkhana. The disciples of Sheikh Fateh vehemently opposed the Guru, resulting that the Naqashbandies and Sarvaries started sending reports through governor Murtaza Khan to Jahangir. He was very much perturbed on receiving the reports of rowing influence of the Guru, thus decided to annihilate the Guru. Islam enjoins that its politico-social system must be enforced through the sword on the people who come under subjugation, therefore maintaining this policy of its politico-social system; Jahangir issued the orders for the execution of Guru Ajran Dev.

Some of the courtiers of Jahangir, instigated by Prithi Chand, elder brother of Guru, kept on creating trouble one after the other for the Guru. They included Raja Birbal and Sulhi Khan who nursed ill feeling against the Guru. Birbal on way to Kabul expedition set threats to the Guru but got killed during the expeditions. Sulhi Khan sent his nephew for attacking the Guru, but he too met with death on the way to Amritsar. Upon hearing of the death of his nephew, Sulhi Khan, enraged with anger planned to annihilate the Guru, but on the way to Amritsar he fell down from his horse into a burning kiln and met with a similar end.

After the death of Akbar, the Great, Jahangir ascended the throne of Delhi. He came under the influence of Mujaahdeed Alf-i-Sani Sirhindi, who was a staunch adversary of the growing Sikh movement. He nursed jealousy of the Guru because many Muslims were coming under the influence of the Guru. Being a Sheikh himself he couldn't tolerate the growing influence of the Guru, hence he too started instigating Jahangir to annihilate the Guru.

The Sayyids of Barah were also fanatical followers of the Mujaahdeen. They laid down a condition for support to the cause of Jahangir, that Guru Arjan must be liquidated and Sikhism destroyed by the sword of the state, in the interest of the glory of Islam in India. Fanatic Ulema of the Islam were not only exerting their influence upon Jahangir to liquidate Guru Arjan and his Sikhs on the whole, but also the exponents of the Hindu caste system were playing underhand Machiavellian games to destroy the Sikh Guru because they were dead against the doctrine of a caste free society enunciated by Guru Nanak. They further stepped up their activities, on the completion of Golden Temple and of Granth Sahib, to activate the higher ups of the Mughal Empire against the growing number of Sikhs and the blooming fame of the Guru.

"At Goindwal, situated on the River Beas, there lived a Hindu named Arjan in the garb of saints and holy men. He had attracted many Hindus and even some ignorant and low-class Musalmans and had ensnared them to follow the practices of his cult. He had been loudly blowing the trumpet of his saintliness and spiritual leadership. He was known as 'Guru' and the people from all the sides resorted to him and made declaration of faith in him. This 'shop' of falsehood had been running briskly since three or four generations. I had been wishing for a long time either to abolish this emporium of falsehood or convert him to Islam till Khusro happened to pass this way. The foolish prince thought of attaching himself to his cortege. He repaired to the Guru's residence and had an interview with him. The Guru discussed some old cases with him and with his finger put on the forehead of the prince a saffron mark, which is called '*tilk*' by the Hindus, considered an auspicious omen. This incident was reported to me. I was already fully aware of the Guru's false cult. I ordered him to be arrested and made over him and his family to Murtaza Khan. I confiscated all his property and issued orders that he should be imprisoned, tortured and executed."

(Quoted by Sir Gokul Chand Narang in *Transformation of Sikhism,* pp. 47-48)

The story of putting *tilk* to the forehead of Khusro had been concocted by some clever person to denigrate and belittle the Sikh tenets. In the Sikh history there had not been single instance that Guru had ever put *tilk* on the forehead of any person. The *tilk* was only put on the forehead of the succeeding Guru by some prominent person.

It is just possible that Chandu might have played very insignificant part in the execution of the Guru. He was nothing more than a backbiter and sycophant. Murtaza Khan handed over Guru Arjan to Chandu to please him to execute Guru Arjan. But Jahangir, as started above had accepted the total responsibility himself for the execution of the Guru.

Chandu had no judicial authority to arrest and execute the Guru. He was used merely as dice of the game in the execution of the Guru as desired by Murtaza Khan, the then governor of Lahore. The main cause for the execution of the Guru was conversion of Muslims, the followers of Sakhi Sarvar to Sikhism, who came under direct influence of the Guru, and the second was the religious pressure of the fanatical Sayyids of Barah who laid down a condition for support to the cause of Jahangir.

Jahangir, after viewing all these circumstances started looking for an opportunity to crush the Sikh

movement that was becoming popular day by day, and to put an end to the growing influence of the Sikh Gurus on one pretext or another. In this respect, he himself writes in his autobiography "*Tuzuk-e-Jahangiri*", "I ordered that Arjan, a Hindi Fakir should be brought to my presence and having handed over his belongings and children to Murtaza Khan and having confiscated his property. I order that he should be put to death in accordance with 'SIYASAT and YASA' (death with torture)" Jahangir's order was issued on 23 May, 1606, and accordingly Guru Arjan Dev was arrested and brought to Lahore from Amritsar for execution.

Thus events and records prove, beyond doubt that the strategy of execution of Guru Arjan Dev was hatched, by the Muslim administration. But it was conspired to cast aspersions on the shoulders of Chandu, a Hindu, to exonerate them from the blame. They, to prove themselves as godfathers of justice, hyped the story of tie up of the marriage of Guru Arjan Dev's son, Guru Hargobind to the daughters of Chandu. Dr. Gopal Singh writes that the Chandu episode is pure forgery and a fantasy. Jahangir owned the entire responsibility for the Guru's martyrdom himself. Also as mentioned by Dr. Ganda Singh the name of Chandu is not found in any writings by Jahangir's contemporaries or near contemporaries.

The Guru was executed under direct orders of Jahangir, as stated above following untold extreme physical torture. They forced him to sit in a cauldron of boiling water, on hot iron plate, pouring scorching sand upon his head. The torturing continued for three days. Kesar Singh Chhiber in his *Banasavalinama* notes hat "his limbs bound, the Guru was consigned to the river, where he breathed his last." Thus the light of a humble apostle of non-violence finally merged with the eternal Light on 30th May, 1606.

The martyrdom of Guru Arjan Dev brought revolution in the socio-political life of the people of India, particularly in the Sikh way of life. This revolution was one of the foremost steps towards the intended revolution as envisaged by Guru Nanak at the time of the invasion of Babar in India. After the martyrdom of Guru Arjan Dev, Guru Hargobind, the sixth Nanak, proclaimed the doctrine of Miri-Piri i.e. Sovereignty and Spirituality. The Guru put the sovereignty prior to spirituality i.. sovereignty to safe guard and promote spirituality, and spirituality to guide sovereignty. The Tenth Master further elaborated this doctrine when he said:

ਰਾਜ ਬਿਨਾ ਨਾ ਧਰਮ ਚਲੈ ਹੈ॥
ਧਰਮ ਬਿਨਾ ਸਬ ਦਲੈ ਮਲੈ ਹੈਂ॥

It is abundantly clear that, for the survival of any religious faith, sovereignty is the foremost requirement and a must. Without Self-goverance, spirituality cannot survive (as the slavery has no choice but to yield), but at the same time sovereignty must not over ride, subjugate or guide spirituality. The spirituality, basically, is a guide to guide the sovereignty and to bridle the absolute power of the ruler to some extent to maintain moral discipline and religious rectitude.

Later on Guru Gobind Singh transferred the spiritual sovereignty (Piri) vested in him, to Guru Granth Sahib and the temporal sovereignty to (Miri) to the Khalsa. The Guru's aim was, thus, to produce a perfect man, learned, wise, agile, religious and refined.

Guru Arjan Dev, an apostle of truth, father of non-violence was born on April 15, 1563 at town Goindwal, district Amritsar. He was the youngest son of Guru Ram Das, the fourth Nanak and Bibi Bhani. Guru Ram Das was on Guru Gaddi for seven years and in 1581, he appointed Arjan Dev as the fifth Guru, who remained on Guru Gaddi for twenty-five years. During his forty-three years of age, he accomplished astonishing and remarkable deeds. He accomplishments were outstanding both in quality and quantity, which can be deemed as a miracle, whether in the literature, construction, planning or in musical rendition. He left an indelible imprint on the Indian life as a whole. The nation shall remain ever indebted to him for his aesthetic richness, sacrifice and humbleness, compassion with malice towards none, and charity for all.

The Guru was a man of outstanding spirituality and philosophic genius and unparalleled make up. His genius flowered in the shape of many contributions to philosophy-spiritual and social-activities merging with the Punjabi cum saintly culture. His exhortations (Gurbani) reveal his personality explicitly was full of sweetness, humanity and humility free from alienation when he says:

ਕਾਨੜਾ ਮਹਲਾ ੫॥
ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥੨॥

(SGGS, p. 1299)

*All sense of jealousy has left me,*
*Even since I have been admitted to*
*The holy company of saints,*
*None is our enemy, none alien to us,*
*Friendliness binds us with all.*

*–Martyrdom of Guru Arjan Dev and Essentials of Sikhism*

✧ ✧ ✧ ✧ ✧

## ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

**ਹਫ਼ਤਾਵਾਰ ਪੰਜਾਬੀ ਪਰਚਾ**

**22 ਮਈ, 1919**

## ਵਜ਼ੀਫੇ

ਗਵਰਨਮੈਂਟ ਪੰਜਾਬ ਦੇ ਅਤਿਹੀ ਕ੍ਰਿਪਾਲਤਾ ਕਰਕੇ ਉਨ੍ਹਾਂ ਪੰਜਾਬੀਆਂ ਦੇ ਲੜਕੇ ਤੇ ਲੜਕੀਆਂ ਦੀ ਵਿਦਜਾ ਲਈ ਜੋ ਚਾਰ ਅਗਸਤ 1914 (ਅਰਥਾਤ ਲੜਾਈ ਦੇ ਅਰੰਭ ਤੋਂ) ਪਿਛਲੇ ਜੰਗ ਸਬੰਧੀ ਸੇਵਾ ਕਰਦੇ ਹੋਏ ਮਾਰੇ ਗਏ ਹੋਣ ਯਾ ਜਖਮ ਲੱਗਣ ਕਰਕੇ ਚਲਾਨਾ ਕਰ ਗਏ ਹੋਣ ਯਾ ਅਗੇ ਲਈ ਕੰਮ ਕਰਨ ਦੇ ਲਾਇਕ ਨਾਂ ਰਹੇ ਹੋਣ, ਖਾਸ ਪ੍ਰਬੰਧ ਕੀਤਾ ਹੈ। ਉਹਨਾਂ ਦੇ ਲੜਕੇ ਲੜਕੀਆਂ ਨੂੰ ਇਨਾਂ ਰੇਟਾਂ ਅਨੁਸਾਰ ਵਜ਼ੀਫੇ ਦਿਤੇ ਜਾਯਾ ਕਰਨਗੇ।

(1) ਪ੍ਰਾਇਮਰੀ ਡੀਪਾਰਟਮੈਂਟ ਵਿਚ ਫੀਸ ਦੀ ਮੁਆਫੀ ਤੋਂ ਇਲਾਵਾ 2) ਰੁਪਏ ਮਾਂਹਵਾਰ ਹੋਰ ਕਿਤਾਬਾਂ ਆਦਿ ਫਾਲਤੂ ਅਖਰਾਂ ਜਾਤ ਲਈ।

(2) ਮਿਡਲ ਦੀ ਡੀਪਾਰਟਮੈਂਟ ਵਿਚ ਫੀਸ ਦੀ ਮੁਆਫੀ ਤੋਂ ਇਲਾਵਾ 2) ਰੁਪਏ ਮਾਂਹਵਾਰ ਵਜ਼ੀਫਾ ਤੇ ਜੋ ਬੋਰਡਰ ਹੋਵੇ ਤਾਂ ਬੋਰਡਿੰਗ ਦੇ ਖਰਚਾਂ ਦੇ ਅਦਾ ਕਰਨ ਲਈ 8) ਰੁਪਏ।

(3) ਹਾਈ ਕਲਾਸਾਂ ਯਾ ਕਾਲਜ ਦੀਆਂ ਜੁਮਾਇਤਾਂ ਵਿਚ ਜੇਕਰ ਕਿਸੇ ਲੜਕੇ ਯਾ ਲੜਕੀ ਨੂੰ ਲਿਜਾਕਤੀ ਵਜ਼ੀਫਾ ਮਿਲੇ ਤਾਂ ਉਹ ਵਜ਼ੀਫਾ ਉਮੈਦਵਾਰ ਨੂੰ ਇਸ ਵਜ਼ੀਫੇ ਦੇ ਮਿਲਨ ਦੇ ਹੱਕ ਤੋਂ ਨਹੀਂ ਰੋਕ ਸਕਦਾ।

ਸੋ ਭਰੋਸਾ ਹੈ ਕਿ ਜਿਵੇਂ ਸਿਖ ਕੌਮ ਨੇ ਜੰਗ ਦੇ ਸਮੇਂ ਅਗਾਂਹ ਵਧ ਵਧਕੇ ਸੇਵਾ ਕੀਤੀ ਹੈ, ਉਹ ਹੁਣ ਸਰਕਾਰ ਦੀ ਇਸ ਕ੍ਰਿਪਾਲਤਾ ਦਾ ਫਾਇਆ ਉਠਾਉਣ ਦਾ ਅਪਨੇ ਸਥਾਨਕ ਅਫ਼ਸਰਾਂ ਦੀ ਰਾਹੀਂ ਯਤਨ ਕਰਨਗੇ ਜੇ ਐਸੇ ਲੜਕੇ ਖਾਲਸਾ ਕਾਲਜ ਵਿਚ ਦਾਖਲ ਹੋਣਾ ਚਾਹੁਣ ਤਾਂ ਪ੍ਰਿੰਸੀਪਲ ਸਾਹਿਬ ਦੀਵਾਨ ਦੀ ਸਫਾਰਸ਼ ਤੇ ਹੋਰ ਭੀ ਸਹਾਇਤਾ ਦੇਣ ਨੂੰ ਤਿਆਰ ਹਨ।

ਦਾਸ— ਸਕਤ੍ਰ ਚੀਫ ਖਾਲਸਾ ਦੀਵਾਨ

## ਹਾਈ ਸਕੂਲ ਲਾਹੌਰ

ਪੰਜਾਬ ਦੀ ਰਾਜਧਾਨੀ (ਲਾਹੌਰ) ਵਿੱਚ ਇੱਕ ਭੀ ''ਖਾਲਸਾ ਹਾਈ ਸਕੂਲ'' ਦਾ ਪੱਕੇ ਪੈਰਾਂ ਤੇ ਨਾ ਹੋਣਾ ਅਤੇ ਸਕੂਲ ਦਾ 'ਆਪਣਾ ਮਕਾਨ' ਤੱਕ ਭੀ ਨਾਂ ਹੋਣਾ ਬੜੀ ਹੀ ਚਿੰਤਾ ਦਾਇਕ ਗੱਲ ਹੈ।

ਅੱਜ ਕਲ ਦੇ ਸਮੇਂ ਜਦ ਕਿ ਹਰ ਇੱਕ ਚੀਜ਼ ਮਹਿੰਗੀ ਹੈ, ਮਕਾਨ ਦੇ ਉਸਾਰਨ ਲਈ ਭੀ ਕੁਝ ਬਾਹਲੇ ਹੀ ਦਮੜੇ ਚਾਹੀਦੇ ਹਨ, ਪਰ ਸਕੂਲ ਦਾ ਮਕਾਨ ਛੇਤੀ ਹੀ ਤਿਆਰ ਕਰਨਾ ਇਕ ਬੜੀ ਭਾਰੀ ਜ਼ਰੂਰੀ ਗੱਲ ਹੈ। ਇਸ ਲਈ ਦਾਸ ਆਪਣੇ ਬ੍ਰਹਮਾ ਨਿਵਾਸੀ ਵੀਰ ਤੇ ਭੈਣਾਂ ਅਗੇ, ਹਾਂ ਉਨ੍ਹਾਂ ਵੀਰਾਂ ਤੇ ਭੈਣਾਂ ਅਗੇ, ਜੇੜ੍ਹੇ ਕਿ ਹਰ ਸਮੇਂ ਹੀ ਪੰਥਿਕ ਕੰਮਾਂ ਲਈ ਦਿਲ ਖੋਲ ਕੇ ਮਦਦ ਦਿੰਦੇ ਹਨ। ਓਹ ਭਰਾ ਤੇ ਵੀਰ ਜਿਨਾਂ ਨੇ ਕੇਵਲ ਆਪਣੀ ਹੀ ਹਿੰਮਤ ਨਾਲ ਐਸੇ ਆਲੀਸ਼ਾਨ ਸਕੂਲ ਤੇ ਗੁਰਦਵਾਰੇ ਖੜੇ ਕੀਤੇ ਹਨ, ਜੇਹੜੇ ਜੋ ਉਨ੍ਹਾਂ ਦੀ ਹਿੰਮਤ ਦਾ ਜਿੰਦਾ ਨਮੂਨਾ ਹਨ। ਕੀ ਮੈਂ ਉਨ੍ਹਾਂ ਅੱਗੇ, ਜਿਨ੍ਹਾਂ ਨਾਲ ਕਿ ਦਾਸ ਨੇ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਹਿੱਸਾ ਖੁਸ਼ੀ ਤੇ ਆਨੰਦ ਨਾਲ ਨਿਭਾਜਾ ਹੈ, ਹਾਂ! ਉਨ੍ਹਾਂ ਅਗੇ ਕੀ ਦਾਸ ਬੇਨਤੀ ਕਰ ਸਕਦਾ ਹੈ, ਕਿ ਉਹ ਦਾਸ ਉਤੇ ਆਪਣੀ ਸਦਾ ਵਾਂਗੂ ਕ੍ਰਿਪਾ ਕਰਕੇ ਖੁਲ੍ਹੇ ਦਿਲ ਗੱਫੇ ਬਖਸ਼ਕੇ ਕ੍ਰਿਤਾਰਥ ਕਰਨਗੇ? ਤਾਕਿ ਸਕੂਲ ਦਾ ਮਕਾਨ ਤੁਰਤ ਹੀ ਤਿਆਰ ਹੋ ਜਾਏ। ਮਕਾਨ ਦੀ ਉਸਾਰੀ ਇਕਦੱਮ ਸ਼ੁਰੂ ਕੀਤੀ ਜਾਣ ਲੱਗੀ ਹੈ। ਦਾਸ ਨੂੰ ਚੰਗੀ ਤਰਾਂ ਭਰੋਸਾ ਹੈ ਕਿ ਦਾਸ ਦੀ ਬੇਨਤੀ ਨੂੰ ਸਾਰੇ ਹੀ ਬ੍ਰਹਮਾ ਨਿਵਾਸੀ ਵੀਰ ਤੇ ਭੈਣਾਂ ਸੁਣਕੇ ਤੇ ਪ੍ਰਵਾਨ ਕਰਨ ਅਤੇ ਖੁਲ੍ਹੇ ਗੱਫੇ ਭੇਜਕੇ ਕ੍ਰਿਤਾਰਥ ਕਰਨਗੇ।

ਗੱਫੇ ਜਾਂ ਦਾਸ ਨੂੰ, ਜਾਂ ਪੰਜਾਬ ਸਿੰਧ ਬੈਂਕ ਲਾਹੌਰ ਵੱਲ ਭੇਜੇ ਜਾ ਸਕਦੇ ਹਨ।

ਆਪਦਾ ਪਿਆਰਾ ਦਾਸ—
ਗੁਰਮੁਖ ਸਿੰਘ ਸਕਤ੍ਰ ਤੇ ਮੈਨੇਜਰ
ਸ੍ਰਦਾਰ ਬਹਾਦਰ ਭਗਤ ਸਿੰਘ
ਖਾਲਸਾ ਹਾਈ ਸਕੂਲ ਲਾਹੌਰ

## ਦਾਖਲਾ

ਪੰਥ ਵਿਚ ਅਤੇ ਗਵਰਨਮੈਂਟ ਤੇ ਡਿਸਟ੍ਰਿਕਟ ਬੋਰਡ ਸਕੂਲਾਂ ਵਿਖੇ ਗਿਆਨੀਆਂ ਤੇ ਵਿਦਵਾਨਾਂ ਦੀ ਦਿਨੋਂ ਦਿਨ ਲੋੜ ਵਧ ਰਹੀ ਅਤੇ ਆਸ਼੍ਰਮ ਵਲੋਂ ਜੋ ਵਿਦਜਾਰਥੀ ਪਾਸ ਹੁੰਦੇ ਹਨ, ਹਰ ਸਾਲ ਸਕੂਲਾਂ ਵਿਖੇ ਪੰਜਾਬੀ ਮਾਸਟਰ ਕਰਕੇ ਘੱਲੇ ਜਾਂਦੇ ਹਨ। ਭਾਵੇਂ ਇਸ ਸਾਲ ਆਸ਼੍ਰਮ ਕਮੇਟੀ ਨੂੰ ਮਾਲੀ ਹਾਲਤ ਵਲੋਂ ਬੜੀ ਤੰਗੀ ਵੇਖਨੀ ਪਈ ਹੈ, ਪਰ ਫੇਰ ਵੀ ਹਰ ਸਾਲ ਵਾਂਗੂ ਇਸ ਸਾਲ ਵੀ ਕਮੇਟੀ ਨੇ ਸਤ ਵਜ਼ੀਫੇ ਗਿਆਨੀ ਕਲਾਸ ਵਿਚ ਤੇ ਪੰਜ ਵਜ਼ੀਫੇ ਵਿਦਵਾਨ ਵਿਚ ਦਾਖਲ ਹੋਣ ਵਾਲੇ ਵਿਜਿਾਰਥੀਆਂ ਲਈ ਪ੍ਰਵਾਨ ਕੀਤੇ ਹਨ। ਸ਼ਰਤ ਏਹ ਹੈ ਕਿ ਉਮੈਦ ਵਾਰ ਦੀ ਦਰਖਾਸਤ ਕਿਸੇ ਮੁਖੀ ਸੱਜਨ ਜਾਂ ਸਿੰਘ ਸਭਾ ਦੇ ਸਕੱਤ੍ਰ ਦੀ ਸਫਾਰਸ਼ ਸਹਿਤ ਆਉਣੀ ਚਾਹੀਦੀ ਹੈ। ਪੜ੍ਹਾਈ 15 ਜੂਨ ਨੂੰ ਸ਼ੁਰੂ ਹੋਈ ਹੈ ਸੋ ਦਰਖਾਸਤਾਂ 15 ਜੂਨ, 1919 ਤੋਂ ਪਹਿਲੇ ਜ਼ਰੂਰੀ ਪੁੱਜਨ।

ਯੂਨੀਵਰਸਟੀ ਦੀ ਪੜ੍ਹਾਈ ਤੋਂ ਵਖ ਆਸ਼੍ਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਦੇ ਅਰਥ ਕਰਾਏ ਜਾਂਦੇ ਹਨ ਅਤੇ ਸਿੱਖ ਇਤਹਾਸਾਂ ਦੀ ਪੂਰੀ ਵਾਕਫੀਅਤ ਕਰਾਈ ਜਾਂਦੀ ਹੈ।

ਦਾਸ— ਛੈਹਬਰ ਸਿੰਘ ਹੈਡ ਮਾਸਟਰ
ਖਾ: ਉਪਦੇਸ਼ਕ ਕਾਲਜ ਯਤੀਮਖਾਨਾ
(ਘੁਜਾਖ) ਗੁਜਰਾਂਵਾਲਾ

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੫੯, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੬੧}

ਮੂਲ — ਵਡਹੰਸੁ ਮਹਲਾ ੩, ਚਉਪਦਾ ੩-੬ — ਅਰਥ

| ਮੂਲ | ਅਰਥ |
| --- | --- |
| ਵਡਹੰਸੁ ਮਹਲਾ ੩॥ ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ॥ ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ॥੧॥ | [ਪ੍ਰਸ਼ਨ: ਕਿਉਂ ਸਤਿਗੁਰ ਦੇ ਮਿਲਿਆਂ ਫਲ ਪ੍ਰਾਪਤ ਹੁੰਦਾ ਹੈ ਉੱਤਰ:] ਮਾਇਆ ਦਾ ਮੋਹ (ਇਕ) ਹਨੇਰਾ ਹੈ, (ਜੋ ਮਨਾਂ ਤੇ ਛਾ ਰਿਹਾ ਹੈ, ਇਸ ਨੂੰ ਛੈ ਕਰਨੇ ਵਾਲਾ ਚਾਨਣ ਜੋ) ਗਜਾਨ (ਹੈ ਉਹ) ਗੁਰੂ ਬਿਨਾਂ (ਪ੍ਰਾਪਤ) ਨਹੀਂ ਹੁੰਦਾ। (ਹਾਂ ਜੋ ਗੁਰੂ ਦੇ ਦਿਤੇ) ਸ਼ਬਦ ਵਿਚ ਲਗੇ ਰਹਿੰਦੇ ਹਨ ਓਹਨਾਂ ਨੇ ਇਸ ਗੱਲ ਨੂੰ ਸਮਝ ਲਿਆ ਹੈ, (ਬਾਕੀ) ਦੀ ਪਰਜਾ (ਸ੍ਰਿਸ਼ਟੀ) ਦੂਜੇ (=ਦ੍ਵੈਤ ਭਾਵਨਾ ਦੇ) ਵਿਚ ਲਗਕੇ ਖਰਾਬ ਹੋ ਰਹੀ ਹੈ॥੧॥ |
| ਮਨ ਮੇਰੇ ਗੁਰਮਤਿ ਕਰਣੀ ਸਾਰੁ॥ ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ॥੧॥ਰਹਾਉ॥ | (ਤਾਂਤੇ) ਹੇ ਮੇਰੇ ਮਨ! ਗੁਰੂ ਮਤਿ (ਦੀ ਦੱਸੀ ਹੋਈ) ਕਰਣੀ ਦੀ ਕਮਾਈ ਕਰ, (ਉਸ ਅਨੁਸਾਰ ਜੇ) ਹਰੀ ਪ੍ਰਭੂ ਨੂੰ ਸਦਾ ਸਦਾ ਸਿਮਰੇਂਗਾ ਤਾਂ ਮੁਕਤੀ ਦਾ ਦਰ ਪਾ ਲਵੇਂਗਾ॥੧॥ਰਹਾਉ॥ |
| ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ॥ ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ॥੨॥ | (ਸਾਰੇ) ਗੁਣਾਂ ਦੇ ਖ਼ਜ਼ਾਨੇ (ਦਾ ਦਾਤਾ) ਇਕੋ (ਨਾਮ) ਹੈ, (ਇਹ ਖ਼ਜ਼ਾਨਾ) ਆਪੇ ਦੇਵੇ ਤਾਂ ਕੋਈ ਪਾਉਂਦਾ ਹੈ। (ਇਸ ਨਾਮ ਤੋਂ ਬਿਨਾਂ ਸਾਰੀ (ਸ੍ਰਿਸ਼ਟੀ) ਵਿਛੁੜੀ ਪਈ ਹੈ, (ਇਸ ਨੂੰ) ਗੁਰੂ ਦੇ ਦਿੱਤੇ ਸ਼ਬਦ (=ਨਾਮ) ਦੁਆਰਾ (ਹੀ ਉਹ) ਮਿਲਾਉਂਦਾ ਹੈ॥੨॥ |
| ਮੇਰੀ ਮੇਰੀ ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ॥ ਸਤਿਗੁਰਿ ਮਿਲਿਐ ਸਚਿ ਮਿਲੇ ਸਚਿ ਨਾਮਿ ਸਮਾਇਆ॥੩॥ | (ਜੋ ਮੋਹ ਮਾਯਾ ਦੇ ਗੁਬਾਰ ਵਿਚ ਫਸੇ) ਮੇਰੀ ਮੇਰੀ ਕਰਦੇ ਰਹੇ (ਓਹ ਸਭ ਗੁਣਾਂ ਵਿਚ ਘਟਦੇ ਘਟਦੇ) ਘਟ (ਹੀ) ਗਏ, ਉਨ੍ਹਾਂ ਨੂੰ (ਉਸ ਖ਼ਜ਼ਾਨੇ ਵਿਚੋਂ) ਕੁਛ ਬੀ ਹੱਥ ਨਾ ਆਇਆ। (ਪਰ ਜੋ) ਸਤਿਗੁਰ ਨੂੰ ਮਿਲ ਪਿਆਂ ਤੇ ਸੱਚ ਵਿਚ ਮਿਲ ਗਏ (ਓਹ) ਸੱਚੇ ਨਾਮੀ (=ਵਾਹਿਗੁਰੂ) ਵਿਚ ਸਮਾ ਗਏ ਹਨ॥੩॥ |
| ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ॥ ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ॥੪॥੩॥ | (ਉਂਞ ਲੋੜਾਂ ਕਰਕੇ) ਇਹ ਸਰੀਰ ਆਸਾ ਮਨਸਾ (ਰੂਪ ਹੀ) ਹੈ, (ਪਰ ਚਾਹੀਦਾ ਹੈ ਕਿ ਜੀਵ ਇਸ ਦੇ) ਅੰਦਰ (=ਮਨ ਵਿਚ ਗਿਆਨ ਰੂਪੀ) ਜੋਤਾਂ ਜਗਾ ਲਵੇ। (ਐਉਂ) ਹੇ ਨਾਨਕ! ਮਨਮੁਖ ਤਾਂ (ਆਸਾ ਮਨਸਾ ਵਿਚ) ਬੰਨ੍ਹਿਆ ਗਿਆ ਹੈ, (ਪਰ) ਗੁਰਮੁਖ (ਗੁਰ ਸ਼ਬਦ ਦੁਆਰਾ ਆਪਣੀ) ਮੁਕਤੀ ਕਰਾ ਲੈਂਦਾ ਹੈ॥੪॥੩॥ |

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਸਾਕਾ ਪਾਉਂਟਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ

ਪਾਉਂਟਾ ਸਾਹਿਬ ਸਾਕੇ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀਆਂ ਵਜੋਂ ਕੀਰਤਨ ਕੀਤਾ ਗਿਆ। ਕਰੋਨਾ ਮਹਾਂਮਾਰੀ ਦੇ ਚਲਦਿਆਂ ਇਸ ਮੌਕੇ ਸੰਗਤਾਂ ਦੀ ਆਮਦ ਬਹੁਤ ਘੱਟ ਰਹੀ ਤੇ ਸਮਾਗਮ ਵਿਚ ਸਮਾਜਿਕ ਦੂਰੀ ਦਾ ਪਾਲਨ ਕਰਦਿਆਂ ਅਹਿਤਿਆਤ ਰੱਖਿਆ ਗਿਆ। ਇਸ ਮੌਕੇ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਨਿਹੰਗ ਜਥੇਬੰਦੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਬਾਬਾ ਨਿਹਾਲ ਸਿੰਘ ਆਦਿ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਗੁਰਦੁਆਰਾ ਪਾਉਂਟਾ ਸਾਹਿਬ ਨੂੰ ਸਿੱਖ ਪ੍ਰਬੰਧਾਂ ਹੇਠ ਲੈਣ ਵਾਸਤੇ ਨਿਹੰਗ ਜਥੇਬੰਦੀ ਮਿਸਲ ਸ਼ਹੀਦਾਂ ਤਰਨਾ ਦਲ ਨੇ ਸੰਘਰਸ਼ ਆਰੰਭਿਆ ਸੀ ਤੇ 11 ਸਿੰਘ ਇਸ ਵਿਚ ਸ਼ਹੀਦ ਹੋਏ ਸਨ ਤੇ ਨਿਹੰਗ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਵੀ ਗੰਭੀਰ ਜ਼ਖ਼ਮੀ ਹੋਏ ਸਨ। ਇਹ ਸਾਕਾ 22 ਮਈਂ 1964 ਨੂੰ ਵਾਪਰਿਆ ਸੀ।

## ਸ਼੍ਰੋਮਣੀ ਕਮੇਟੀ ਵੱਲੋਂ ਆਨਲਾਈਨ ਧਰਮ ਪ੍ਰਚਾਰ ਕਲਾਸਾਂ

ਕਰੋਨਾ ਸੰਕਟ ਦੌਰਾਨ ਸ਼੍ਰੋਮਣੀ ਕਮੇਟੀ ਨੇ ਨੌਜਵਾਨਾਂ ਤੇ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਦੇ ਮੰਤਵ ਨਾਲ ਆਨਲਾਈਨ ਧਰਮ ਪ੍ਰਚਾਰ ਲਹਿਰ ਦੀ ਸ਼ੁਰੂਆਤ ਕੀਤੀ ਹੈ। ਇਸ ਤਹਿਤ ਪੰਜਾਬ ਸਮੇਤ ਹਿਮਾਚਲ, ਝਾਰਖੰਡ, ਪਟਨਾ ਸਾਹਿਬ, ਜੰਮੂ, ਹਰਿਆਣਾ, ਗੁਜਰਾਤ ਆਦਿ ਥਾਵਾਂ ਦੇ 10 ਹਜ਼ਾਰ ਬੱਚੇ ਸਿੱਖੀ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰ ਰਹੇ ਹਨ। ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਬਾਠ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਨਲਾਈਨ ਕਲਾਸਾਂ ਦੀ ਵਿਧੀ ਪਹਿਲੀ ਵਾਰ ਅਪਣਾਈ ਗਈ ਹੈ। ਲਗਭਗ 276 ਪ੍ਰਚਾਰਕ ਇਸ ਨਾਲ ਜੁੜੇ ਹੋਏ ਹਨ ਜੋ ਰੋਜ਼ਾਨਾ ਸ਼ਾਮ 6 ਵਜੇ ਤੋਂ 7.30 ਵਜੇ ਤਕ ਜ਼ੂਮ ਐਪ ਰਾਹੀਂ ਕਲਾਸਾਂ ਲਗਾ ਰਹੇ ਹਨ। ਆਨਲਾਈਨ ਕਲਾਸਾਂ ਰਾਹੀਂ ਗੁਰਬਾਣੀ ਉਚਾਰਨ ਤੋਂ ਇਲਾਵਾ ਨਿਤਨੇਮ ਦੀਆਂ ਬਾਣੀਆਂ, ਸਿੱਖ ਇਤਿਹਾਸ, ਰਹਿਤ ਮਰਿਆਦਾ ਨਾਲ ਸੰਬੰਧਿਤ ਲੈਕਚਰ ਤਿਆਰ ਕੀਤੇ ਗਏ ਹਨ।

## ਓਲੰਪੀਅਨ ਬਲਬੀਰ ਸਿੰਘ ਸੀਨੀਅਰ ਨਹੀਂ ਰਹੇ



ਮਹਾਨ ਹਾਕੀ ਖਿਡਾਰੀ, ਪਦਮ ਸ੍ਰੀ ਅਤੇ ਅਰਜੁਨ ਐਵਾਰਡੀ ਬਲਬੀਰ ਸਿੰਘ ਸੀਨੀਅਰ (96) ਦਾ ਮੁਹਾਲੀ ਦੇ ਫੋਰਟਿਸ ਹਸਪਤਾਲ ਜਿੱਥੇ ਉਹ ਜ਼ੇਰੇ-ਇਲਾਜ ਸਨ, 25 ਮਈ ਨੂੰ ਸਵੇਰੇ 6.17 ਵਜੇ ਦੇਹਾਂਤ ਹੋ ਗਿਆ। ਸ਼ਾਮ ਸਮੇਂ ਚੰਡੀਗੜ੍ਹ ਦੇ ਸੈਕਟਰ 25 ਦੇ ਬਿਜਲਈ ਸ਼ਮਸ਼ਾਨਘਾਟ ਵਿਖੇ ਸਰਕਾਰੀ ਸਨਮਾਨਾਂ ਨਾਲ ਉਹਨਾਂ ਦਾ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀਆਂ ਅੰਤਮ ਰਸਮਾਂ ਦੋਹਤੇ ਕਬੀਰ ਸਿੰਘ ਨੇ ਨਿਭਾਈਆਂ। ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਕੌਮਾਂਤਰੀ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਨਰਿੰਦਰ ਸਿੰਘ ਬਤਰਾ ਸਮੇਤ ਖੇਡ ਜਗਤ ਤੇ ਬੋਲੀਵੁੱਡ ਦੀਆਂ ਹਸਤੀਆਂ ਨੇ ਉਨ੍ਹਾਂ ਦੇ ਅਕਾਲ ਚਲਾਣੇ ਤੇ ਦੁੱਖ ਦਾ ਇਜ਼ਹਾਰ ਕਰਦਿਆਂ ਇਸ ਨੂੰ ਹਾਕੀ ਸੰਸਾਰ ਦੇ ਇਕ ਯੁੱਗ ਦਾ ਅੰਤ ਕਿਹਾ ਹੈ।

ਬਲਬੀਰ ਸਿੰਘ ਸੀਨੀਅਰ ਦਾ ਜਨਮ 10 ਅਕਤੂਬਰਖ਼ 1924 ਨੂੰ ਪਿਤਾ ਗਿਆਨੀ ਦਲੀਪ ਸਿੰਘ ਅਤੇ ਮਾਤਾ ਕਰਮ ਕੌਰ ਦੇ ਘਰ ਨਾਨਕੇ ਪਿੰਡ ਹਰੀਪੁਰ ਖਾਲਸਾ (ਮੋਗਾ) ਵਿਖੇ ਹੋਇਆ। 1947 ਤੋਂ ਆਪਣਾ ਕੌਮਾਂਤਰੀ ਹਾਕੀ ਕੈਰੀਅਰ ਸ਼ੁਰੂ ਕਰਨ ਵਾਲੇ ਬਲਬੀਰ ਸਿੰਘ ਨੇ ਭਾਰਤ ਦੀ ਝੋਲੀ ਤਿੰਨ ਓਲੰਪਿਕ ਸੋਨ ਤਗਮੇ (1948, 1952, 1956) ਪਾਏ। 1975 'ਚ ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਹੁੰਦਿਆਂ ਭਾਰਤੀ ਹਾਕੀ ਟੀਮ ਦੇ ਮੈਨੇਜਰ ਅਤੇ ਕੋਚ ਵਜੋਂ ਵਿਸ਼ਵ ਕੱਪ ਜਿਤਾਉਣ 'ਚ ਅਹਿਮ ਭੂਮਿਕਾ ਨਿਭਾਈ। ਦੋ ਪੁਸਤਕਾਂ ਵੀ ਉਹਨਾਂ ਲਿਖੀਆਂ— **ਦ ਗੋਲਡਨ ਹੈਟ੍ਰਿਕ** ਅਤੇ **ਦ ਗੋਲਡਨ ਯਾਰਡ ਸਟਿਕ**। ਪੰਜਾਬ ਸਰਕਾਰ ਦੇ ਖੇਡ ਮੰਤਰੀ ਰਾਣਾ ਸੋਢੀ ਅਨੁਸਾਰ ਮੁਹਾਲੀ ਕੌਮਾਂਤਰੀ ਹਾਕੀ ਸਟੇਡੀਅਮ ਦਾ ਨਾਮ ਹੁਣ ਬਲਬੀਰ ਸਿੰਘ ਸੀਨੀਅਰ ਦੇ ਨਾਮ ਤੇ ਰੱਖਿਆ ਜਾਵੇਗਾ।